

ੴ

# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ :
ਡਾ. ਜਾਗੀਰ ਸਿੰਘ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਮੁੱਲ : 10 ਰੁਪਏ ਜੁਲਾਈ, 1996

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤ੍ਰਸੀ
ਡਾ. ਕਰਨੈਲ ਸਿੰਘ ਸੋਮਲ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁਘ

ਚਿੱਤਰਕਾਰ
ਗੁਰਦੀਪ ਸਿੰਘ ਦੀਪ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 7 ਸਾਲ ਅੱਠਵਾਂ ਜੁਲਾਈ 1996

ਮਿਤ੍ਰੂ ਅਸਾਡੜੇ ਸੇਈ 2
ਕਰਉ ਬੇਨੰਤੀਆ 3
ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ
-ਡਾਕਟਰ ਜਸਵੰਤ ਸਿੰਘ ਨੇਕੀ 4
ਢਾਡੀ ਕੌਣ ਹੁੰਦਾ ਹੈ ?
- ਸ. ਅਜਮੇਰ ਸਿੰਘ ਐਮ.ਏ. 8
ਹਰਿ ਕੀਰਤਨ
- ਭਾਈ ਸਾਹਿਬ ਰਣਧੀਰ ਸਿੰਘ ਜੀ 10
ਮਾਸਟਰ ਨਿਹਾਲ ਸਿੰਘ
- ਪ੍ਰੋ. ਕਰਤਾਰ ਸਿੰਘ 14
ਗੁਰੂ ਗ੍ਰੰਥ ਸਾਹਿਬ ਦਾ ਛੰਦ ਵਿਸ਼ਲੇਸ਼ਣ-ਡਾ. ਰਮਿੰਦਰ ਸਿੰਘ
- ਹਿੰਮਤ ਸਿੰਘ ਸੋਢੀ 16
ਜੰਮੂ ਕਸ਼ਮੀਰ ਦੇ ਕੀਰਤਨੀਏ ਤੇ ਪ੍ਰਚਾਰਕ
- ਸ. ਜਸਬੀਰ ਸਿੰਘ ਸਰਨਾ 18
ਸੋਲੋ ਤਬਲਾ ਵਾਦਨ ਵਿੱਚ 'ਕਾਇਦੇ' ਦਾ ਮਹੱਤਵ
- ਹਰਭਜਨ ਸਿੰਘ ਧਾਰੀਵਾਲ 19
ਨੋਟੇਸ਼ਨ ਵਾਲੇ ਸਬਦਾਂ ਦੇ ਅਰਥ - ਪ੍ਰਿੰ ਸਾਹਿਬ ਸਿੰਘ
ਦਸ ਥਾਟਾ ਦੇ ਨਾਮ - ਓਸਤਾਦ ਸੁਰਜੀਤ ਸਿੰਘ 21
ਰਾਗ ਬਿਭਾਸ
- ਉਸਤਾਦ ਸੁਰਜੀਤ ਸਿੰਘ 22
ਸੰਗੀਤ-ਲਿਪੀ ਚਿੰਨ੍ਹ 23
ਮਹੀਨਾ ਸਾਵਣ/ਜੁਲਾਈ 24

ਚੰਦੇ ਦਾ ਵੇਰਵਾ :

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ | 5000 ਰੁ. |

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452

ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |

■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ. ।

# ਮਿਤ੍ਰ ਅਸਾਡੜੇ ਸੇਈ .....

✹ 'ਅੰਮ੍ਰਿਤ ਕੀਰਤਨ' ਦੀ ਬਿਹਤਰੀ ਲਈ ਕਾਮਨਾ ਕਰਦੇ ਹਾਂ । ਛੇਤੀ ਕੁਝ ਮੈਂਬਰ ਬਣਾਵਾਂਗਾ । ਲੇਖ ਭੇਜ ਰਿਹਾ ਹਾਂ ।

ਮਲੋਟ — ਡਾ. ਦਰਸ਼ਨ ਸਿੰਘ ਨਰੂਲਾ
ਮੁਖੀ, ਸੰਗੀਤ ਵਿਭਾਗ
ਡੀ.ਏ.ਵੀ ਕਾਲਜ

✹ ਪਰਚੇ ਲਈ ਸ਼ੁਭ ਕਾਮਨਾਂਵਾਂ ਕਬੂਲ ਕਰਨੀਆਂ ।

ਬੰਗਲੋਰ — ਅਬਕਾਸ਼ੀ ਸਿੰਘ
ਸਪੁੱਤ ਮਾਸਟਰ ਨਿਹਾਲ ਸਿੰਘ

✹ ਅੰਮ੍ਰਿਤ ਕੀਰਤਨ ਆਪ ਦਾ ਸ਼ਲਾਘਾਯੋਗ ਉਦਮ ਹੈ । ਵਹਿਗੁਰੂ ਆਪ ਨੂੰ ਹਿੰਮਤ ਬਖਸ਼ੇ ਇਹ ਵਧਦਾ ਫੁਲਦਾ ਰਹੇ । ਹਰ ਮਹੀਨੇ ਇਸ ਦੀ ਉਡੀਕ ਰਹਿੰਦੀ ਹੈ ।

ਨੋਇਡਾ — ਹਰਭਜਨ ਕੌਰ ਸੇਠੀ

✹ ਮਈ ਅੰਕ ਵਿੱਚ ਤੁਹਾਡੀ ਸੰਪਾਦਕੀ ਭਾਵਪੂਰਤ ਸੀ । ਉਸਤਾਦ ਸੁਰਜੀਤ ਸਿੰਘ ਜੀ ਦਾ ਤਾਲ ਰੂਪਕ ਬਾਰੇ ਵਿਸਤਾਰ ਵਿਦਵਤਾਪੂਰਨ ਸੀ । ਵਾਹਿਗੁਰੂ ਅੰਮ੍ਰਿਤ ਕੀਰਤਨ ਨੂੰ ਚੜ੍ਹਦੀ ਕਲਾ ਬਖਸ਼ੇ !

ਮਲੋਟ — ਮੰਗਤ ਸਿੰਘ ਮਸਤਾਨ

✹ ਅਸੀਂ ਸਾਰੇ 'ਅੰਮ੍ਰਿਤ ਕੀਰਤਨ' ਨੂੰ ਹੋਰ ਚੰਗੇਰਾ ਬਣਾਉਣ ਲਈ ਜਤਨਸ਼ੀਲ ਹਾਂ ।

ਨਵੀਂ ਦਿੱਲੀ — ਆਹੂਜਾ ਪਰਿਵਾਰ

✹ 'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ । ਨਵੀਂ ਦਿਖ ਪ੍ਰਭਾਵਸ਼ਾਲੀ ਹੈ । ਜਲਦੀ ਹੀ ਲੇਖ ਭੇਜਾਂਗਾ ।

ਨਡਾਲੋਂ — ਸੁਖਦੇਵ ਸਿੰਘ

✹ ਸਾਨੂੰ 'ਅੰਮ੍ਰਿਤ ਕੀਰਤਨ' ਮੈਗਜ਼ੀਨ ਬਹੁਤ ਚੰਗਾ ਲਗਦਾ ਹੈ ਕਿਉਂਕਿ ਕੀਰਤਨ ਬਾਰੇ ਇਸ ਵਿੱਚ ਭਰਪੂਰ ਜਾਣਕਾਰੀ ਦਿੱਤੀ ਹੁੰਦੀ ਹੈ ।

ਪਟਨਾ — ਰਣਧੀਰ ਸਿੰਘ ਖਾਲਸਾ
ਗੋਵਿੰਦ ਨਗਰ

✹ ਤੁਹਾਡੇ ਵਲੋਂ ਛਾਪੇ ਜਾ ਰਹੇ 'ਅੰਮ੍ਰਿਤ ਕੀਰਤਨ' ਦੀ ਜਿਤਨੀ ਵੀ ਸ਼ਲਾਘਾ ਕੀਤੀ ਜਾਵੇ ਥੋੜੀ ਹੈ । ਕੁਝ ਮਾਇਆ ਭੇਜ ਰਿਹਾ ਹਾਂ, ਪ੍ਰਵਾਨ ਕਰਨਾ ।

ਸ਼ਿਮਲਾ — ਜੀ.ਐਸ.ਭੱਲਾ

✹ 'ਅੰਮ੍ਰਿਤ ਕੀਰਤਨ' ਸੰਗੀਤ ਦੇ ਜਗਤ ਵਿੱਚ ਚੰਗਾ ਨਾਮਣਾ ਖੱਟ ਰਿਹਾ ਹੈ । ਮੁਬਾਰਕਾਂ !

ਮੁੱਲਾਂਪੁਰ — ਪ੍ਰੋ. ਪਰਮਜੋਤ ਸਿੰਘ

## ਕੋਰਤ ਪੰਕਤੀਆਂ...

# ਹੈਣ ਵਿਰਲੇ ਨਾਹੀਂ ਘਣੇ

ਸਾਡੇ ਸ਼ਹਿਰ ਦੇ ਨੇੜੇ ਇੱਕ ਫਕੀਰ ਰਹਿੰਦਾ ਸੀ। ਉਹ ਮੰਗਤਾ ਨਹੀਂ ਸੀ। ਜਦੋਂ ਵੀ ਕੋਈ ਰੋਟੀ ਆਦਿ ਦੇ ਦਿੰਦਾ ਉਹ ਖਾ ਲੈਂਦਾ ਨਹੀਂ ਤਾਂ ਉਂਜ ਹੀ ਬੈਠਾ ਰਹਿੰਦਾ। ਉਹ ਬੋਲਦਾ ਵੀ ਘੱਟ ਹੀ ਸੀ। ਕਦੀ ਕਦੀ ਉਹ ਕਹਿੰਦਾ ਹੁੰਦਾ - ਇਸ ਬੇਹਯਾਈ ਕੇ ਜਮਾਨੇ ਮੇਂ ਜੋ ਲੋਗ ਖੁਦਾ ਕਾ ਨਾਮ ਲੇਤੇ ਹੈਂ ਵਹ ਪੈਗੰਬਰ ਹੈਂ। ਉਦੋਂ ਉਹਦੀ ਗੱਲ ਵੱਲ ਬਹੁਤਾ ਧਿਆਨ ਨਹੀਂ ਸੀ ਜਾਂਦਾ। ਪਰ ਹੁਣ ਜਦੋਂ ਆਪਣੇ ਆਸੇ ਪਾਸੇ ਵੇਖਦੇ ਹਾਂ ਤਾਂ ਉਹਦਾ ਕਥਨ ਬੜਾ ਢੁਕਵਾਂ ਲਗਦਾ ਹੈ।

ਇਸ ਵੇਲੇ ਕੁਝ ਲੋਕ ਤਾਂ ਉਹ ਹਨ ਜਿਹੜੇ ਮਸਾਂ, ਕੋਸ਼ਿਸ਼ਾਂ ਕਰਕੇ, ਆਪਣੇ ਆਪ ਨੂੰ ਸਰੀਰਕ ਤੌਰ ਤੇ ਜਿਉਂਦਾ ਰੱਖ ਰਹੇ ਹਨ। ਕੁਝ ਉਹ ਹਨ ਜਿਹੜੇ ਵਾਧੂ ਮਾਇਆ ਇਕੱਠੀ ਕਰਨ ਦੇ ਜਤਨ ਵਿੱਚ ਲੱਗੇ ਹੋਏ ਹਨ। ਇਸ ਭੀੜ ਵਿੱਚ ਅਜੇ ਵੀ ਕੁਝ ਵਿਅਕਤੀ ਹਨ ਜਿਹਨਾਂ ਪਾਸੋਂ ਕਿਸੇ ਪਰ ਉਪਕਾਰ ਦੀ ਖ਼ੁਸ਼ਬੋ ਆ ਰਹੀ ਹੈ। ਇਸ ਵੇਲੇ ਬਿਨਾਂ ਧਨ ਪ੍ਰਾਪਤੀ ਦੇ ਪੜ੍ਹਨ-ਪੜ੍ਹਾਉਣ ਅਤੇ ਲਿਖਣ-ਛਪਣ ਦਾ ਕਾਰਜ ਦੁਨਿਆਵੀ ਤੌਰ ਤੇ ਫਜ਼ੂਲ ਹੀ ਗਿਣਿਆ ਜਾਂਦਾ ਹੈ। ਪਰ ਫਿਰ ਵੀ ਕੁਝ ਹਨ ਜਿਹੜੇ ਇਸ ਅਲੂਣੀ ਸਿੱਲ ਨੂੰ ਵੀ ਬੜੇ ਸੁਆਦ ਨਾਲ ਚੱਟ ਰਹੇ ਹਨ।

ਪਿੱਛੇ ਜਿਹੇ ਕੁਝ ਪੁਸਤਕਾਂ ਪ੍ਰਾਪਤ ਹੋਈਆਂ। ਉਹਨਾਂ ਪੁਸਤਕਾਂ ਦੀ ਸਾਰਥਕਤਾ ਬਾਰੇ ਕਿੰਤੂ-ਪਰੰਤੂ ਕਰਨਾ ਤਾਂ ਅਲੋਚਕਾਂ ਦਾ ਕੰਮ ਹੈ। ਅਸੀਂ ਤਾਂ ਇਹਨਾਂ ਦੇ ਲੇਖਕਾਂ ਦੀ ਸ਼ਲਾਘਾ ਕਰਨੀ ਹੈ ਜਿਹੜੇ ਇਸ ਆਪਾ ਧਾਪੀ ਦੇ ਜ਼ਮਾਨੇ ਵਿੱਚ ਵੀ ਲਿਖਣ ਦਾ ਪਵਿੱਤਰ ਕਾਰਜ ਕਰ ਰਹੇ ਹਨ।

ਇਹਨਾਂ ਦੀਆਂ ਲਿਖਤਾਂ ਕਿਸੇ ਦੇ ਹੱਕ ਜਾਂ ਖਿਲਾਫ਼ ਨਹੀਂ ਹਨ। ਸਗੋਂ ਇਹ ਸਾਡੇ ਵਿਰਸੇ ਨੂੰ ਇਸ ਢੰਗ ਨਾਲ ਉਜਾਗਰ ਕਰਦੀਆਂ ਹਨ ਕਿ ਸਾਨੂੰ ਆਪਣਾ ਜੀਵਨ ਜੀਊਣ ਲਈ ਉਤਸ਼ਾਹ ਮਿਲਦਾ ਹੈ।

ਪਹਿਲਾਂ ਜ਼ਿਕਰ ਕਰਨਾ ਹੈ 'ਸਵਰ ਸਮੁੰਦ' ਪੁਸਤਕ ਦਾ। ਇਹ ਪੁਸਤਕ ਭਾਈ ਸਮੁੰਦ ਸਿੰਘ ਜੀ ਰਾਗੀ ਬਾਰੇ ਹੈ ਅਤੇ ਇਸ ਦਾ ਸੰਕਲਨ ਤੇ ਸੰਪਾਦਨ ਕੀਤਾ ਹੈ ਭਾਈ ਸਾਹਿਬ ਦੇ ਅਨਿੰਨ ਸ਼ਿਸ਼ ਪ੍ਰੋ. ਪਰਮਜੋਤ ਸਿੰਘ ਨੇ। ਪ੍ਰੋ. ਪਰਮਜੋਤ ਸਿੰਘ ਜਿੱਥੇ ਭਾਈ ਸਮੁੰਦ ਸਿੰਘ ਦੀ ਕੀਰਤਨ ਸ਼ੈਲੀ ਦੇ ਵਾਹਦ-ਵਾਰਸ ਹਨ ਉਥੇ ਉਹਨਾਂ ਦੇ ਜੀਵਨ ਨੂੰ ਪੁਸਤਕ ਰੂਪ ਦੇਣ ਦਾ ਸਿਹਰਾ ਵੀ ਉਹਨਾਂ ਸਿਰ ਬੱਝਦਾ ਹੈ। ਇਹ ਕਾਰਜ ਉਹਨਾਂ ਨੇ ਆਪਣੀ ਨੌਕਰੀ ਦੇ ਰੁਝੇਵਿਆਂ ਦੇ ਹੁੰਦਿਆਂ ਹੀ ਕੀਤਾ ਹੈ। ਇਸ ਪੁਸਤਕ ਨੂੰ ਛਾਪਣ ਲਈ ਗੁਰੂ ਗੋਬਿੰਦ ਸਿੰਘ ਸਾਡੀ ਸਰਕਲ ਦੇ ਪ੍ਰਬੰਧਕ ਵੀ ਵਧਾਈ ਦੇ ਪਾਤਰ ਹਨ।

ਫਿਰ ਇੱਕ ਪੁਸਤਕ ਪ੍ਰਾਪਤ ਹੋਈ ਹੈ ਡਾ. ਰਮਿੰਦਰ ਸਿੰਘ ਜੀ ਦੀ। ਉਹਨਾਂ ਨੇ ਪੁਸਤਕ 'ਗੁਰੂ ਗ੍ਰੰਥ ਸਾਹਿਬ ਦਾ ਛੰਦ ਵਿਸਲੇਸ਼ਣ, ਵਿੱਚ ਗੁਰੂ ਗ੍ਰੰਥ ਸਾਹਿਬ ਦੀ ਛੰਦਾ-ਬੰਦੀ ਬਾਰੇ ਬੜੀ ਬਾਰੀਕੀ ਨਾਲ ਲਿਖਿਆ ਹੈ। ਇਹ ਪੁਸਤਕ ਸਿਧਾਂਤਕ ਹੈ, ਪੜ੍ਹਨੀ ਵੀ ਬੜੇ ਧਿਆਨ ਨਾਲ ਪੈਂਦੀ ਹੈ। ਲਿਖਣ ਵਾਲਾ ਧੰਨ ਹੈ ਹੀ ! ਗੁਰੂ ਮਿਹਰ ਕਰੇ ਇਹਨਾਂ ਦੀ ਘਾਲਣਾ ਥਾਇ ਪਾਵੇ !

ਉਸਤਾਦ ਸੁਰਜੀਤ ਸਿੰਘ, ਗੁ: ਜਨਮ ਸਥਾਨ ਚੀਮਾਂ ਜੀ ਰਚਿਤ 'ਤਾਲ ਰਤਨ' ਵਡ ਆਕਾਰੀ ਪੁਸਤਕ ਹੈ। ਉਹਨਾਂ ਤਾਲਾਂ ਸੰਬੰਧੀ ਭਰਪੂਰ ਗਿਆਨ ਇਸ ਪੁਸਤਕ ਵਿੱਚ ਦਿੱਤਾ ਹੈ।

ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਰਾਗੀ ਜੀ ਦੀ ਜੀਵਨੀ ਦਾ ਦੂਜਾ ਸੰਸਕਰਨ ਵੀ ਉਹਨਾਂ ਦੇ ਸੁਯੋਗ ਸਪੁੱਤਰ ਮੇਜਰ ਬਲਵੰਤ ਸਿੰਘ ਜੀ ਨੇ ਛਾਪ ਕੇ ਵੰਡ ਦਿੱਤਾ ਹੈ। ਇਹ ਜੀਵਨੀ ਕੀਰਤਨੀਆਂ ਲਈ ਸਦੀਵੀ ਪ੍ਰੇਰਨਾ ਦਾ ਸੋਮਾ ਹੈ।

ਕੁਝ ਹੋਰ ਸੁਨੇਹੇ ਮਿਲੇ ਹਨ। ਪ੍ਰੋ. ਕਰਤਾਰ ਸਿੰਘ ਜੀ ਲੁਧਿਆਣਾ ਅਤੇ ਬੀਬੀ ਅਮਰਜੀਤ ਕੌਰ ਨਵੀਂ ਦਿੱਲੀ ਦੀਆਂ ਗੁਰਮਤ ਸੰਗੀਤ ਬਾਰੇ ਪੁਸਤਕਾਂ ਤਿਆਰ ਹਨ।

ਉਪਰੋਕਤ ਸਾਰੇ ਜਤਨ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਸ ਜੁਗ ਵਿੱਚ ਵੀ ਕਣੀ ਵਾਲੇ ਮਹਾਂਪੁਰਸ਼ ਹਨ ਭਾਵੇਂ ਹੈਣ ਵਿਰਲੇ ਨਾਹੀ ਘਣੇ।

ਗੋਪਾਲ ਸਿੰਘ

# ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ

ਡਾ. ਜਸਵੰਤ ਸਿੰਘ ਨੇਕੀ

ਗੁਰੂ ਗ੍ਰੰਥ ਸਾਹਿਬ ਨੂੰ ਅਰਦਾਸ ਵਿਚ 'ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ' ਆਖ ਕੇ ਅਭਿਨੰਦਨ ਦਿੱਤਾ ਗਿਆ ਹੈ । 'ਆਤਮਕ ਜੋਤਿ' ਦਰ-ਅਸਲ ਉਸੇ ਇਲਾਹੀ ਸ਼ਬਦ ਨੂੰ ਕਿਹਾ ਗਿਆ ਹੈ ਜੋ ਸਤਿਗੁਰਾਂ ਦੇ ਪਾਵਨ ਹਿਰਦੇ ਵਿਚ ਉਤਰਿਆ ਤੇ ਉਹਨਾਂ ਰਾਹੀ ਸੰਸਾਰ ਤੇ ਪਰਗਟ ਹੋਇਆ । ਇਸ ਦੇ ਪਰਗਟ ਰੂਪ ਅਥਵਾ ਬਾਣੀ ਨੂੰ ਇਲਾਹੀ ਦੇਣ ਜਾਣ, ਸਤਿਗੁਰੂ ਆਪਣੀ ਜਾਨ ਨਾਲੋਂ ਵੀ ਪਿਆਰਾ ਕਰ ਸਾਂਭਦੇ ਰਹੇ ।

ਸਤਿਗੁਰ ਨਾਨਕ ਦੇਵ ਜੀ ਜਦੋਂ ਮੱਕੇ ਸ਼ਰੀਫ਼ ਗਏ, ਤਾਂ ਜਾਪਦਾ ਹੈ, ਦੈਵੀ ਰਚਨਾ ਦੀ ਆਪਣੀ ਪੁਸਤਕ ਉਹਨਾਂ ਕੱਛੇ ਮਾਰੀ ਹੋਈ ਸੀ । ਗ਼ਾਲਬਨ ਇਸੇ ਪੋਥੀ ਵਲ ਹਾਜੀਆਂ ਇਸ਼ਾਰਾ ਕੀਤਾ ਤੇ ਗੁਰੂ ਜੀ ਨੂੰ ਪੁੱਛਿਆ, "ਕਿਰਪਾ ਕਰ ਕੇ ਆਪਣੀ ਕਿਤਾਬ ਖੋਲ੍ਹੋ ਤੇ ਸਾਨੂੰ ਦੱਸੋ, ਹਿੰਦੂ ਧਰਮ ਵੱਡਾ ਹੈ ਕਿ ਇਸਲਾਮ ?"

ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਆਪਣੀ ਇਹ ਪੋਥੀ ਗੁਰੂ ਬਾਬੇ ਨੇ ਆਪ ਗੁਰੂ ਅੰਗਦ ਸਾਹਿਬ ਦੇ ਹਵਾਲੇ ਕੀਤੀ ਤੇ ਅੱਗੋਂ ਉਹਨਾਂ ਆਪਣੀਆਂ ਰਚਨਾਵਾਂ ਸਣੇ, ਇਹ ਪੋਥੀ ਗੁਰੂ ਅਮਰਦਾਸ ਸਾਹਿਬ ਦੇ ਸਪੁਰਦ ਕੀਤੀ ਜਾਪਦੀ ਹੈ । ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਇਹ ਪੋਥੀਆਂ ਸਣੇ ਗੁਰੂ ਜੀ ਦੀਆਂ ਆਪਣੀਆਂ ਪੋਥੀਆਂ ਦੇ ਉਹਨਾਂ ਦੇ ਜੇਠੇ ਸਪੁੱਤਰ ਬਾਬਾ ਮੋਹਨ ਜੀ ਪਾਸ ਚਲੀਆਂ ਗਈਆਂ ।

ਬਾਬਾ ਮੋਹਨ ਜੀ ਪਾਸੋਂ ਇਹ ਪੋਥੀਆਂ ਗੁਰੂ ਅਰਜਨ ਦੇਵ ਜੀ ਨੇ ਸੰਮਤ 1660 ਵਿਚ ਪ੍ਰਾਪਤ ਕੀਤੀਆਂ ਤੇ ਸਣੇ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੀ ਤੇ ਆਪਣੀ ਰਚਨਾ ਦੇ ਤੇ ਸਮੇਤ ਭਗਤ ਬਾਣੀ ਦੇ ਸਾਰੀ ਬਾਣੀ ਨੂੰ ਇਕਥੇ ਇਕ ਜਿਲਦ ਵਿਚ ਇਕੱਠਿਆਂ ਕਰਵਾਇਆ । ਇਹ ਕਾਰਜ ਗੁਰੂ ਜੀ ਦੀ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਨੇ ਰਾਮਸਰ (ਅੰਮ੍ਰਿਤਸਰ) ਦੇ ਕਿਨਾਰੇ ਬੈਠ ਕੇ ਲਗਾਤਾਰ ਮਿਹਨਤ ਨਾਲ ਮੁਕੰਮਲ ਕੀਤਾ । ਬੀੜ ਦੇ ਸੰਪੂਰਨ ਹੋਣ ਤੇ ਗੁਰੂ ਜੀ ਨੇ ਇਸ ਨੂੰ ਹਰਿਮੰਦਰ ਸਾਹਿਬ ਵਿਚ ਸਥਾਪਿਤ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ । ਉਸੇ ਦਿਨ ਸਤਿਗੁਰਾਂ ਸੰਗਤ ਅੱਗੇ 'ਪੋਥੀ ਸਾਹਿਬ' ਤੋਂ ਕਥਾ ਵੀ ਕੀਤੀ । ਇਕ ਮੁਖ ਗੱਲ ਜੋ ਉਹਨਾਂ ਸੰਗਤਾਂ ਸਾਹਮਣੇ ਰੱਖੀ, ਇਸ ਪ੍ਰਕਾਰ ਸੀ :

"ਮੇਰਾ ਸਰੀਰ ਇਕ ਸਮੇ ਇਕੋ ਥਾਂ ਰਹਿੰਦਾ ਹੈ, ਹੋਰਥੇ ਤਾਂ ਇਸ ਦੇ ਦਰਸ਼ਨ ਨਹੀਂ ਹੋ ਸਕਦੇ । ਇਸ ਲਈ ਤੁਸੀਂ ਇਸ ਗ੍ਰੰਥ ਨੂੰ ਗੁਰੂ ਦਾ ਹਿਰਦਾ ਜਾਣ ਕੇ (ਸਤਿਕਾਰਨਾ) । ਕਿਉਂਜੁ ਇਹ ਗੁਰੂ ਹਰ ਸਮੇ ਰਹਿਣ ਵਾਲੇ ਹਨ ਇਸ ਲਈ ਇਹਨਾਂ ਉਪਰ ਵਿਸ਼ਵਾਸ ਉੱਤਮ ਹੈ । ਮੇਰੇ ਸਰੂਪ (=ਦੇਹ) ਤੋਂ ਇਹਨਾਂ ਨੂੰ ਵੱਡਾ ਕਰ ਕੇ ਜਾਣਨਾ । ਮੈਂ ਆਪ ਇਹਨਾਂ ਦਾ ਆਦਰ ਕਰਦਾ ਹਾਂ ।"

ਫਿਰ ਜਿੱਚਰ ਮਹਾਰਾਜ ਦਾ ਪੰਜ-ਭੌਤਕ ਚੋਲਾ ਰਿਹਾ, ਆਪ 'ਪੋਥੀ ਸਾਹਿਬ' ਨੂੰ ਪੀੜ੍ਹੇ ਉਪਰ ਸਥਾਨ ਦੇਂਦੇ ਤੇ ਆਪ ਅਦਬ ਵਜੋਂ ਕੋਲ ਭੁੰਞੇ ਨੀਵੀਂ ਥਾਂ ਸੌਂਦੇ ਰਹੇ ।

ਇਉਂ ਗੁਰੂ ਗ੍ਰੰਥ ਸਾਹਿਬ ਨੂੰ ਇਕ ਤਰ੍ਹਾਂ ਨਾਲ ਗੁਰਤਾ ਤਾਂ ਓਦੋਂ ਹੀ ਪ੍ਰਾਪਤ ਹੋ ਗਈ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਪਾਵਨ ਬੀੜ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰ ਕੇ ਇਸ ਨੂੰ ਮੌਜੂਦਾ ਰੂਪ ਦਿੱਤਾ । ਫਿਰ ਜੋਤੀ ਜੋਤਿ ਸਮਾਉਣ ਸਮੇਂ ਉਹਨਾ ਨਿਯਮਿਤ ਢੰਗ ਨਾਲ ਗੁਰਤਾ ਦੀ ਮੁਹਰ ਕਿਸੇ ਦੇਹਧਾਰੀ ਜਾਨਸ਼ੀਨ ਦੀ ਥਾਂ 'ਸ਼ਬਦ ਗੁਰੂ' ਤੇ ਲਾ ਕੇ ਦੇਹਧਾਰੀ ਗੁਰਤਾ ਦਾਂ ਸਿਲਸਿਲਾ ਸਮਾਪਤ ਕਰ ਦਿੱਤਾ ।

ਇਸ ਦੇ ਬਾਵਜੂਦ, ਕੁਝ ਸੰਪ੍ਰਦਾਵਾਂ (ਜਿਹਾ ਕਿ ਨਾਮਧਾਰੀ, ਨਿਰੰਕਾਰੀ ਆਦਿ) ਅਜਿਹੀਆਂ ਹਨ ਜੋ ਹਾਲੇ ਵੀ ਦੇਹ-ਧਾਰੀ ਗੁਰੂ ਨੂੰ ਪਰਵਾਨ ਕਰਦੀਆਂ ਹਨ ਤੇ ਗੁਰਤਾ ਦਾ ਸਿਲਸਿਲਾ ਦਸਮ ਪਾਤਸ਼ਾਹ ਨਾਲ ਖ਼ਤਮ ਹੋਇਆ ਨਹੀਂ ਮੰਨਦੀਆਂ । ਇਸ ਲਈ ਉਹ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਟਿੱਕੇ ਜਾਣ ਨੂੰ ਪਰਵਾਨ ਨਹੀਂ ਕਰਦੀਆਂ, ਹਾਲਾਂ ਕਿ ਭਰੋਸੇ ਯੋਗ ਸਮਕਾਲੀ ਲਿਖਤੀ ਸਬੂਤ ਇਸ ਤੱਥ ਦੇ ਮੌਜੂਦ ਹਨ । ਇਨ੍ਹਾਂ ਵਿਚੋਂ ਸਭ ਤੋਂ ਪਰਮਾਣਿਕ ਦਸਤਾਵੇਜ਼ ਭੱਟ-ਵਹੀਆਂ ਦੀ ਹੈ ।

ਭੱਟ ਨਰਬਦ ਸਿੰਘ, ਪੁੱਤਰ ਕੇਸੋ ਸਿੰਘ (ਜੋ ਭਾਈ

ਭੀਖੇ ਦੀ ਬੰਸਾਵਲੀ ਵਿਚੋਂ ਸੀ) 6 ਅਕਤੂਬਰ 1708 ਈਸਵੀ ਨੂੰ ਆਪਣੀ ਵਹੀ ਵਿਚ ਇਉਂ ਲਿਖਦਾ ਹੈ :

"ਗੁਰੂ ਗੋਬਿੰਦ ਸਿੰਘ ਜੀ ਮਹਿਲ ਦਸਵਾਂ ਬੇਟਾ ਗੁਰੂ ਤੇਗ਼ ਬਹਾਦਰ ਜੀ ਕਾ ਪੋਤਾ ਗੁਰੂ ਹਰਗੋਬਿੰਦ ਜੀ ਕਾ ਪਰਪੋਤਾ ਗੁਰੂ ਅਰਜਨ ਦੇਵ ਜੀ ਕਾ ਬੰਸ ਗੁਰੂ ਰਾਮਦਾਸ ਜੀ ਕੀ ਸੂਰਜ ਬੰਸੀ ਗੋਸਲ ਗੋਤਰ ਸੋਢੀ ਖਤਰੀ ਬਾਸੀ ਅਨੰਦਪੁਰ ਪਰਗਨਾ ਕਹਿਲੂਰ ਮੁਕਾਮ ਨਾਂਦੇੜ ਤਟ ਗੁਦਾਵਰੀ ਦੇਸ ਦੱਖਣ ਸੰਮਤ ਸਤਾਰਾਂ ਸੈ ਪੈਸਠ ਕਾਤਿਕ ਮਾਸ ਕੀ ਚੌਥ ਸ਼ੁਕਲ ਪਖੇ ਬੁਧਵਾਰ ਕੇ ਦਿਹੁੰ ਭਾਈ ਦਯਾ ਸਿੰਘ ਸੇ ਬਚਨ ਹੋਇਆ ਸ੍ਰੀ ਗ੍ਰੰਥ ਸਾਹਿਬ ਲੈ ਆਓ । ਬਚਨ ਪਾਇ ਦਯਾ ਸਿੰਘ ਸ੍ਰੀ ਗ੍ਰੰਥ ਸਾਹਿਬ ਲੈ ਆਏ । ਗੁਰੂ ਜੀ ਨੇ ਪੰਜ ਪੈਸੇ ਨਾਰੀਅਲ ਅੱਗੇ ਭੇਟਾ ਰੱਖ ਮੱਥਾ ਟੇਕਿਆ, ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗਹ ਸ੍ਰੀ ਗੁਰੂ ਜੀ ਕੋ ਜਾਨਣਾ । ਜੋ ਸਿਖ ਜਾਣੇਗਾ ਤਿਸ ਕੀ ਘਾਲ ਥਾਇ ਪਏਗੀ । ਗੁਰੂ ਉਸ ਕੀ ਬਹੁੜੀ ਕਰੇਗਾ । ਸੱਤਿ ਕਰ ਮਾਨਣਾ ।"

ਭੱਟ ਵਹੀਆਂ ਤੋਂ ਛੁੱਟ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਦਿੱਤੇ ਜਾਣ ਤੇ ਦੇਹਧਾਰੀ ਗੁਰਤਾ ਦੀ ਸਮਾਪਤੀ ਦਾ ਪ੍ਰਮਾਣ ਹੋਰ ਇਤਿਹਾਸਕ ਸ੍ਰੋਤਾਂ ਤੋਂ ਭੀ ਪ੍ਰਾਪਤ ਹੈ । ਮਾਤਾ ਸੁੰਦਰੀ ਜੀ ਦੇ ਇਕ ਹੁਕਮਨਾਮੇ ਵਿਚ ਲਿਖਿਆ ਹੈ :

"੧ਓ ਵਾਹਿਗੁਰੂ ਜੀ ਕੀ ਫਤਹ । ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਯਕਰੰਗ ਜਿਨ੍ਹਾਂ ਡਿਠਿਆਂ ਵਾਹਿਗੁਰੂ ਚਿਤ ਆਵੈ....ਸਰਬਤ ਖਾਲਸਾ ਵਾਹਿਗੁਰੂ ਅਕਾਲ ਪੁਰਖ ਕਾ ਵਾਹਿਗੁਰੂ ਜੀ ਕੀ ਫਤਹ ਵਾਚਣੀ । ਵਾਹਿਗੁਰੂ ਅਕਾਲ ਪੁਰਖ ਜੀ ਹਰਦਮ ਚਿੱਤ ਆਵੈ, ਸੁਖ ਹੋਏ, ਖਾਲਸਾ ਜੀ ਕਾ ਬੋਲ ਬਾਲਾ ਹੋਏ....ਗੁਰੂ ਗੁਰੂ ਜਪਣਾ, ਵਾਹਿਗੁਰੂ ਅੰਗ ਸੰਗ ਹੋਏ । ਫਜ਼ਲ ਕਰ ਕੇ ਰਖਿਆ ਹੋਵੇਗੀ ।....ਖਾਲਸਾ ਸ੍ਰੀ ਵਾਹਿਗੁਰੂ ਜੀ ਕਾ ਸੁਚੇਤ ਬਿਬੇਕ ਬੁਧ ਚਾਹੀਏ ਜੋ ਸਿਵਾਏ ਅਕਾਲ ਪੁਰਖ ਦੂਜੇ ਨੋ ਜਾਨੈ ਨਾਹੀ । ਦਸਮ ਪਾਤਸਾਹੀਆਂ ਤਕ ਜਾਮੇ ਪੈਧੇ । ਯਾਰਵੀਂ ਬਾਰਵੀਂ ਬੰਦਾ ਚੌਬੰਦਾ ਅਜੀਤਾ ਵਗੈਰਾ ਤੇ ਇਤਕਾਦ ਲੈ ਆਵਨਾ ਹੱਤਿਆ ਹੈ । ਹੋਰ ਹਤਿਆ ਗੁਰੂ ਜਪਣ ਨਾਲ ਦੂਰ ਹੋਸਣ ਪਰ ਇਹ ਹਤਿਆ ਗੁਨਾਹ ਬਖਸੀ - ਐਗਾ ਨਹੀਂ ਜੋ ਮਨੁਖ ਕੇ ਜਾਮੇ ਉਪਰ ਏਤਕਾਦ ਕਰੇਂਗੇ । ....ਖਾਲਸਾ ਜੀ ਤੁਸਾਂ ਸਿਵਾਏ ਅਕਾਲ ਦੂਜੇ ਨੋ ਮੰਨਣਾ ਨਾਹੀ । ਸਬਦ ਦਸਵੀਂ ਪਾਤਸਾਹੀ ਤਕ ਖੋਜਣਾ । 'ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ।' ਗੁਰੂ ਕਾ ਨਿਵਾਸ ਸਬਦ ਵਿਚ ਹੈ । 'ਗੁਰੂ ਮਹਿ ਆਪੁ ਸਮੋਇ ਸਬਦੁ ਵਰਤਾਇਆ । 'ਜੀਆਂ ਅੰਦਰਿ ਜੀਉ ਸਬਦੁ ਹੈ ਤਿਉ ਸਹ ਮੇਲਾਵਾ ਹੋਇ ।' ਵਾਹਿਗੁਰੂ ਜੀ ਕੀ ਫਤਹ ।...."

ਹੋਰ ਵੀ ਕਈ ਪ੍ਰਮਾਣ ਮਿਲਦੇ ਹਨ; ਜਿਹਾ ਕਿ ਰਹਿਤਨਾਮਿਆਂ ਵਿਚ ਤੇ ਦੇਵ ਰਾਜ ਸ਼ਰਮਾ ਰਚਿਤ 'ਨਾਨਕ ਚੰਦ੍ਰੋਦਯ ਮਹਾਕਾਵਿਅੰ" ਨਾਮਕ ਪੁਰਾਤਨ ਸੰਸਕ੍ਰਿਤ ਪੁਸਤਕ ਦੇ ਖਰੜੇ ਵਿਚ ਪ੍ਰਾਪਤ ਹਨ । ਐਸੇ ਅਕੱਟ ਲਿਖਤੀ ਇਤਿਹਾਸ ਪ੍ਰਮਾਣਾਂ ਦੇ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਤੋਂ ਇਨਕਾਰ, ਜੇਕਰ ਅਗਿਆਨ ਨਹੀਂ ਤਾਂ ਹੋਰ ਕੀ ਹੈ ?

ਵਿਸ਼ਵ ਦੀਆਂ ਦੂਜੀਆਂ ਪਰਮਾਣਿਕ ਧਰਮ-ਪੁਸਤਕਾਂ ਦੇ ਟਾਕਰੇ ਗੁਰੂ ਗ੍ਰੰਥ ਸਾਹਿਬ ਵਿਚ ਕਈ ਪੱਖਾਂ ਤੋਂ ਸਿਰਮੌਰਤਾ ਨਜ਼ਰ ਆਉਂਦੀ ਹੈ (੧) ਇਹ ਇਕੋ ਇਕ ਧਰਮ-ਪੁਸਤਕ ਹੈ ਜਿਸ ਵਿਚ ਧਾਰਮਕ ਆਗੂਆਂ ਦੀ ਰਚਨਾ ਮੌਲਕ ਰੂਪ ਵਿਚ ਮੌਜੂਦ ਹੈ; (੨) ਇਹ ਮਹਾਨ ਪੁਸਤਕ ਕੇਵਲ ਅਕਾਲ ਪੁਰਖ ਦੀ ਅਰਾਧਨਾ ਤੇ ਸਿਫਤ-ਸ਼ਨਾ ਨਾਲ ਭਰਪੂਰ ਹੈ, ਤਵਾਰੀਖੀ ਘਟਨਾਵਾਂ ਜਾਂ ਜੀਵਨ ਬ੍ਰਿਤਾਂਤ ਇਸ ਦਾ ਵਿਸ਼ਾ ਨਹੀਂ, ਤੇ ਨ ਹੀ ਇਹ ਕੋਈ ਹਿਦਾਇਤਨਾਮਾ ਜਾਂ ਰਹਿਤਨਾਮਾ ਹੀ ਹੈ; (੩) ਦੈਵੀ ਪ੍ਰਾਪਤੀ ਦੇ ਅੰਤਮ ਵਿਕਾਸ ਦੇ ਨੁਕਤੇ ਤੋਂ ਵਾਚਿਆਂ ਇਸ ਪੁਸਤਕ ਵਿਚਲੀ ਅਧਿਆਤਮਕ ਦ੍ਰਿਸ਼ਟੀ ਸ਼ਬਦ ਨਾਲ ਪੂਰੀ ਤਰ੍ਹਾਂ ਇਕਸੁਰ ਹੈ; (੪) ਇਹ ਇਕ ਸਰਬ-ਸਾਂਝੀ ਪੁਸਤਕ ਹੈ ਜਿਸ ਅੱਗੇ ਹਿੰਦੂ, ਮੁਸਲਮਾਨ, ਸਿਖ ਸਭ ਸਿਰ ਝੁਕਾ ਸਕਦੇ ਹਨ, (੫) ਇਸ ਪੁਸਤਕ ਅੱਗੇ ਸਿਰ ਝੁਕਾਣ ਵਾਲੇ 'ਚੋਂ ਊਚ-ਨੀਚ ਦਾ ਅਭਿਮਾਨ ਸਹਿਜੇ ਹੀ ਝੜਨ ਲਗਦਾ ਹੈ । ਇਸ ਲਈ ਜੇਕਰ ਇਹ ਕਿਹਾ ਜਾਵੇ ਕਿ ਇਹ ਗ੍ਰੰਥ ਧਰਮ-ਗ੍ਰੰਥਾਂ ਦੀ ਸਫ ਵਿਚੋਂ ਅੱਵਲ ਹੈ ਤਾਂ ਇਹ ਵਾਕ ਅਤਿਕਥਨੀ ਨਹੀਂ ਗਰਦਾਨਿਆ ਜਾਵੇਗਾ । ਇਸ ਪੁਸਤਕ ਦਾ 'ਆਦਿ ਗ੍ਰੰਥ' ਨਾਮ, ਜਾਪਦਾ ਹੈ, ਇਸ ਪੱਖੋਂ ਵੀ ਉਚਿਤ ਹੈ ।

ਇਸ ਵਿਚਲੀ ਬਾਣੀ ਦੇ ਰਚੈਤਾ ਕੇਵਲ ਪੰਜਾਬ ਵਿਚੋਂ ਹੀ ਨਹੀਂ ਸਨ, ਸਾਰੇ ਹਿੰਦੁਸਤਾਨ 'ਚੋਂ ਚੁਣੇ ਗਏ ਸਨ । ਉਹ ਕੇਵਲ ਸਤਿਗੁਰਾਂ ਦੇ ਸਮਕਾਲੀ ਨਹੀਂ ਸਨ, ਪੂਰੀਆਂ ਪੰਜ ਸਦੀਆਂ ਦੀ ਅਧਿਆਤਮਕ ਪੁਨਰ-ਜਾਗ੍ਰਤੀ ਦੇ ਪ੍ਰਤਿਨਿਧ ਸਨ । ਇਉਂ ਇਸ ਧਰਮ-ਗ੍ਰੰਥ ਦੀ ਮਹਾਨਤਾ

ਇਕ ਤਰ੍ਹਾਂ ਦੀ ਭੂਗੋਲਕ ਤੇ ਇਤਿਹਾਸਕ ਮਹਾਨਤਾ ਸਮੇਟੀ ਬੈਠੀ ਹੈ ।

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰ ਸਿਖ ਗੁਰਦੁਆਰੇ ਵਿਚ ਹੁੰਦਾ ਹੈ । ਉਥੇ ਆਉਣ ਵਾਲੇ ਸ਼ਰਧਾਵਾਨ ਸਾਰੇ ਆਪ ਅੱਗੇ ਆ ਕੇ ਮੱਥਾ ਟੇਕਦੇ ਤੇ ਸਤਿਕਾਰ ਕਰਦੇ ਹਨ । ਆਪ ਵਲ ਪਿੱਠ ਨਹੀਂ ਕਰਦੇ, ਆਪ ਵਲ ਪੈਰ ਨਹੀਂ ਪਸਾਰਦੇ, ਆਪ ਦੀ ਹਜ਼ੂਰੀ ਵਿਚ ਸਿਰੋਂ ਨੰਗੇ ਨਹੀਂ ਬੈਠਦੇ-ਕਿਉਂਕਿ ਇਹ ਸਭ ਬੇਅਦਬੀ ਦੇ ਚਿੰਨ੍ਹ ਮੰਨੇ ਜਾਂਦੇ ਹਨ । ਗੁਰੂ ਗ੍ਰੰਥ ਸਾਹਿਬ ਨੂੰ ਚੰਵਰ-ਤਖ਼ਤ ਦਾ ਮਾਲਕ ਕਿਹਾ ਜਾਂਦਾ ਹੈ । ਇਹਨਾਂ ਦਾ ਆਸਣ ਤਖ਼ਤ ਉਪਰ, ਅਥਵਾ, ਸਭ ਤੋਂ ਉਚੀ ਥਾਂ ਤੇ ਕੀਤਾ ਜਾਂਦਾ ਹੈ, ਉਪਰ ਚੰਦੋਆ ਤਾਣਿਆ ਜਾਂਦਾ ਹੈ, ਤੇ ਇਕ ਚੌਰ-ਬਰਦਾਰ ਸੇਵਾ ਵਿਚ ਰਹਿੰਦਾ ਹੈ । ਇਹ ਪਾਤਸ਼ਾਹੀ ਦੇ ਚਿੰਨ੍ਹ ਹਨ, ਜੋ ਸਤਿਗੁਰਾਂ ਵੇਲੇ ਤੋਂ ਗੁਰੂ ਗ੍ਰੰਥ ਸਾਹਿਬ ਲਈ ਕਾਇਮ ਰਖੇ ਗਏ ਹਨ ।

ਗੁਰਦੁਆਰਿਆਂ ਵਿਚ ਅਰਦਾਸ ਵੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਹੀ ਹੁੰਦੀ ਹੈ । ਅਰਦਾਸ ਤੋਂ ਮਗਰੋਂ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ 'ਹੁਕਮਨਾਮਾ' ਲਿਆ ਜਾਂਦਾ ਹੈ, ਜੋ ਉਸ ਦਿਨ ਲਈ ਸਾਰੇ ਸੁਣਨਹਾਰਿਆਂ ਦੀ ਆਤਮਕ ਅਗਵਾਈ ਕਰਦਾ ਹੈ ।

ਇਉਂ ਗੁਰੂ ਗ੍ਰੰਥ ਸਾਹਿਬ ਦੀ ਸਦੀਵੀ ਹਕੂਮਤ ਸਿਖ ਮਨਾਂ ਉਪਰ ਅੰਕਿਤ ਹੈ । ਸਿਖ ਧਰਮ ਵਿਚ ਇਸ ਅਦੁੱਤੀ ਧਰਮ-ਪੁਸਤਕ ਨੂੰ ਜੋ ਸਤਿਕਾਰ ਹਾਸਲ ਹੈ, ਉਹ ਇਸ ਵਿਚਲੀ ਬਾਣੀ ਦਾ ਸਤਿਕਾਰ ਹੈ, ਨ ਕਿ ਪੁਸਤਕ ਦੇ ਭੌਤਕ ਆਕਾਰ ਦਾ । ਜੋ ਇਸ ਵਿਚਲੇ ਸ਼ਬਦ ਨਾਲ ਨਹੀਂ ਜੁੜੇ ਤੇ ਕੇਵਲ ਰੁਮਾਲੇ ਚੁਕ ਕੇ ਇਸ ਦਾ 'ਦਰਸ਼ਨ' ਕਰਦੇ ਹਨ, ਗੁਰਮਤਿ ਤੋਂ ਵਾਂਵੇ ਹਨ । ਗੁਰੂ ਗ੍ਰੰਥ ਸਾਹਿਬ ਦਾ ਦੀਦਾਰ ਤਾਂ "ਪਾਠ-ਦੀਦਾਰ" ਹੈ ਤੇ ਅਰਦਾਸ ਵਿਚ ਇਸੇ ਪਾਠ ਦੀਦਾਰ ਦਾ ਆਦੇਸ਼ ਹੈ । ਗੁਰਤਾ ਪੁਸਤਕ ਦੀ ਨਹੀਂ, ਪੁਸਤਕ ਵਿਚਲੇ ਸ਼ਬਦ ਦੀ ਹੈ-ਸ਼ਬਦ, ਜੋ ਸਤਿਗੁਰਾਂ ਦੇ ਆਪ ਡਿੱਠੇ ਅਨੁਭਵ ਦਾ ਸਾਖੀ ਹੈ । ਬਾਣੀ ਰੂਪ ਹੋਏ ਗੁਰੂ-ਅਨੁਭਵ-ਸ਼ਬਦ ਦੀ ਉਪਾਸ਼ਨਾ ਹੀ ਸ਼ਬਦ-ਪ੍ਰਸਤੀ ਹੈ । ਸਿੱਖੀ ਵਿਚ ਹੋਰ ਉਪਾਸ਼ਨਾ ਪਰਵਾਣ ਨਹੀਂ । ਇਹ ਸ਼ਬਦ ਹੀ ਹੈ ਜੋ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ ਹੈ । ਇਸ ਨਾਲ ਜੁੜਨ ਵਾਲੇ ਹੀ ਸਤਿਗੁਰਾਂ ਦੀ ਜੋਤਿ ਨਾਲ ਜੁੜ ਸਕਦੇ ਹਨ । ਪਾਠ ਹੀ ਗੁਰੂ ਗ੍ਰੰਥ ਸਾਹਿਬ ਦਾ ਦੀਦਾਰ ਹੈ । ਗੁਰੂ ਗ੍ਰੰਥ ਜੇ ਪੰਥ ਦਾ ਗੁਰੂ ਹੈ ਤਾਂ ਸ਼ਬਦ ਰੂਪ ਵਿਚ, ਜੋਤਿ ਰੂਪ ਵਿਚ, ਬਾਣੀ ਰੂਪ ਵਿਚ, ਕਿਉਂਕਿ ਨਿਰੰਕਾਰ ਆਪ ਬਾਣੀ ਰੂਪ ਹੋ ਕੇ ਹੀ ਅਸਾਂ ਸੰਸਾਰੀਆਂ ਨਾਲ ਹਮ-ਕਲਾਮ ਹੋਇਆ ਹੈ ।

ਅਰਦਾਸ ਵਿਚ ਇਸੇ ਸ਼ਬਦ-ਗੁਰੂ ਦਾ ਅਭਿਨੰਦਨ ਕੀਤਾ ਜਾਂਦਾ ਹੈ ਤੇ ਇਸੇ ਆਤਮਕ ਜੋਤਿ ਦੇ ਪਾਠ-ਦੀਦਾਰ ਦਾ ਧਿਆਨ ਧਰ ਕੇ ਸਰਬੱਤ ਸੰਗਤ ਨੂੰ "ਵਾਹਿਗੁਰੂ" ਬੋਲਣ ਦਾ ਆਦੇਸ਼ ਦਿੱਤਾ ਜਾਂਦਾ ਹੈ ।

(ਸਿੰਘ ਬ੍ਰਦਰਜ਼, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਪੁਸਤਕ ਅਰਦਾਸ : ਰੂਪ ਅਭਿਆਸ ਵਿੱਚੋਂ ਧੰਨਵਾਦ ਸਹਿਤ)

# ਢਾਡੀ ਕੌਣ ਹੁੰਦਾ ਹੈ ?

ਸ੍ਰ. ਅਜਮੇਰ ਸਿੰਘ ਐਮ.ਏ.

ਗੁਰਬਾਣੀ ਵਿਚ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ, ਆਪਣੇ ਆਪ ਨੂੰ 'ਢਾਡੀ' ਕਹਿਣ ਵਿਚ ਖ਼ੁਸ਼ੀ ਸਮਝੀ ਹੈ। ਢਾਡੂ ਦਾ ਕੰਮ ਗਾਉਣਾ ਵਜਾਉਣਾ ਤੇ ਵਾਰਾਂ ਜਾਂ ਗੀਤਾਂ ਰਾਹੀਂ ਸੂਰਬੀਰਾਂ ਤੇ ਸੰਤਾਂ ਭਗਤਾਂ ਦੇ ਗੁਣਾਂ ਜਾ ਜਸ ਕਰਣਾਂ ਹੁੰਦਾ ਹੈ।

ਗੁਰਵਾਕ ਹੈ :-

"ਹਉ ਤਿਸੁ ਢਾਢੀ ਕੁਰਬਾਣੁ, ਜਿ ਤੇਰਾ ਸੇਵਦਾਰੁ ॥
ਹਉ ਤਿਸੁ ਢਾਢੀ ਬਲਿਹਾਰ, ਜਿ ਗਾਵੈ ਗੁਣ ਅਪਾਰ ॥
ਸੋ ਢਾਢੀ ਧਨੁ ਧੰਨੁ ਜਿਸੁ ਲੋੜੇ, ਨਿਰੰਕਾਰੁ ॥
ਸੋ ਢਾਢੀ ਭਗਤੁ, ਜਿਸੁ ਸਚਾ ਦੁਆਰੁ ਬਾਰੁ ॥"

ਪਰ ਵੇਖਣ ਵਿਚ ਆਉਂਦਾ ਹੈ ਕਿ ਹੁਣ ਦੇ ਢਾਡੀ ਕੁਝ ਹੋਰ ਤਰ੍ਹਾਂ ਬਣ ਗਏ ਨੇ। ਢਾਡੀ ਦੀ ਵਡਿਆਈ ਤਾਂ ਅਪਰ ਅਪਾਰ ਹੈ। ਇਸ ਸਮੇਂ ਢਾਡੀ ਜਥਿਆਂ ਦੇ ਢੇਰਾਂ ਦੇ ਢੇਰ ਤੁਰੇ ਫਿਰਦੇ ਨੇ। ਕਈ ਢਾਡੀ ਜਥੇਬੰਦੀਆਂ ਬਣੀਆਂ ਹੋਈਆਂ ਨੇ। ਬਹੁਤ ਸਾਰੇ ਢਾਡੀ ਤਾਂ ਐਸੇ ਹੁੰਦੇ ਨੇ ਜਿਹੜੇ ਦੁਨਿਆਵੀ ਰਾਜਿਆਂ ਮਹਾਰਾਜਿਆਂ ਸਮੇਂ, ਵਜ਼ੀਰਾਂ ਜਾਂ ਲੀਡਰਾਂ ਦੀ ਵਡਿਆਈ ਕਰਿਆ ਕਰਦੇ ਨੇ। ਇਉਂ ਕਰਕੇ, ਉਨ੍ਹਾਂ ਦਾ ਅਸਲ ਮਨੋਰਥ ਵੱਡੇ ਵੱਡੇ ਇਨਾਮਾਂ ਨੂੰ ਪ੍ਰਾਪਤ ਕਰਨਾ ਹੁੰਦਾ ਹੈ। ਪ੍ਰੰਤੂ ਗੁਰਮਤਿ ਅਨੁਸਾਰ ਤਾਂ ਕੇਵਲ ਉਸੇ ਢਾਡੀ ਨੂੰ ਪ੍ਰਮਾਣੀਕ ਮੰਨਿਆ ਗਿਆ ਹੈ, ਜਿਹੜਾ ਕੇਵਲ ਉਸ ਅਕਾਲ ਪੁਰਖ ਦੇ ਗੁਣਾਂ ਨੂੰ ਗਾਉਂਦਾ ਹੋਵੇ। ਦੁਨਿਆਵੀ ਲੋਕਾਂ ਨੂੰ ਖੁਸ਼ ਕਰਨ ਲਈ, ਢੱਡ ਸਾਰੰਗੀ ਵਜਾਉਣ ਵਾਲਾ ਢਾਡੀ ਅਸਲੀ ਢਾਡੀ ਨਹੀਂ ਹੋਇਆ ਕਰਦਾ। ਉਹ ਤਾਂ ਪੇਸ਼ਾਵਰ ਮੰਗਤਾ ਹੀ ਹੋਇਆ।

## ਇੱਕ ਇਤਿਹਾਸਕ ਘਟਨਾ :

ਕਹਿੰਦੇ ਹਨ ਕਿ ਅਕਬਰ ਸ਼ਹਿਨਸ਼ਾਹ ਨੇ ਆਪਣੇ ਦਰਬਾਰ ਵਿਚ ਬਹੁਤ ਉਚੀ ਲਿਆਕਤ ਵਾਲੇ ਗੁਣਵਾਨ ਲੋਕ ਰੱਖੇ ਹੋਏ ਸਨ। ਇਨ੍ਹਾਂ ਦੀ ਗਿਣਤੀ ਨੌਂ ਸੀ ਤੇ ਇਨ੍ਹਾਂ ਨੂੰ 'ਨੌ ਰਤਨ' ਕਹਿਕੇ ਸਤਿਕਾਰਿਆ ਜਾਂਦਾ ਸੀ। ਅਬੁਲ ਫਜ਼ਲ, ਫੈਜ਼ੀ, ਬੀਰਬਲ, ਤਾਨਸੇਨ, ਰਾਜਾ ਮਾਨ ਸਿੰਘ ਆਦਿ। ਅਕਬਰ ਇਨ੍ਹਾਂ ਨੌਂ ਰਤਨਾਂ ਦਾ ਬਹੁਤ ਅਦਬ ਸਤਿਕਾਰ ਕਰਦਾ ਸੀ। ਇਨ੍ਹਾਂ ਦਾ ਮਾਣ ਮਰਤਬਾ ਹੋਰਨਾਂ ਵਜ਼ੀਰਾਂ ਨਾਲੋਂ ਬਹੁਤ ਉਚਾ ਗਿਣਿਆ ਜਾਂਦਾ ਸੀ। ਸਾਰਿਆਂ ਵਿਚ ਵੱਖੋ-ਵੱਖਰੇ ਗੁਣ ਤੇ ਆਪੋ ਆਪਣੀਆਂ ਖ਼ੂਬੀਆਂ ਸਨ। ਇਤਿਹਾਸ ਵਿਚ ਲਿਖਿਆ ਹੈ ਕਿ ਫੈਜ਼ੀ ਦੀ ਯਾ-ਦਾਸ਼ਤ ਇਤਨੀ ਤੇਜ਼ ਸੀ ਕਿ ਉਹ ਜਿਸ ਕਿਸੇ ਕਵਿਤਾ, ਗੀਤ ਜਾਂ ਨਸਰ (ਵਾਰਤਾ) ਨੂੰ ਸੁਣ ਲੈਂਦਾ, ਉਹ ਝੱਟ ਉਸਨੂੰ ਜ਼ਬਾਨੀ ਯਾਦ ਹੋ ਜਾਂਦੀ ਸੀ। ਅਕਬਰ ਨੇ ਇੱਕ ਵੇਰੀ ਕੁਝ ਕੁ ਸ਼ਾਇਰ ਇਕੱਠੇ ਕਰਕੇ, ਉਨ੍ਹਾਂ ਨੂੰ ਹੁਕਮ ਕੀਤਾ ਕਿ ਹਰ ਕਵੀ ਆਪੋ ਆਪਣਾ ਕਲਾਮ ਪੇਸ਼ ਕਰੇ : ਜਦੋਂ ਕਵੀ ਕਲਾਮ ਪੇਸ਼ ਕਰ ਹਟਦਾ ਤਾਂ ਫੈਜ਼ੀ ਝੱਟ ਕਹਿ ਉਠਦਾ ਕਿ ਇਹ ਕਲਾਮ ਤਾਂ ਮੇਰਾ ਲਿਖਿਆ ਹੋਇਆ ਹੈ ਤੇ ਆਪਣੇ ਇਸ ਬਿਆਨ ਦੀ ਪੁਸ਼ਟੀ ਲਈ, ਉਹ ਝਟ ਉਸ ਕਲਾਮ ਨੂੰ ਜ਼ਬਾਨੀ ਸੁਣਾ ਦਿੰਦਾ। ਖੈਰ ! ਇਨ੍ਹਾਂ ਨੌਂ ਰਤਨਾਂ ਵਿਚੋਂ ਬੀਰਬਲ ਬਹੁਤ ਅਕਲਮੰਦ, ਬਾ-ਦਲੀਲ, ਹਾਜ਼ਰ ਜੁਆਬ, ਹਸਾਉਣਾ ਸੁਭਾਅ ਤੇ ਸਮਝਦਾਰ ਸੀ। ਰਾਗ ਵਿਦਯਾ ਦਾ ਜਨਮ-ਦਾਤਾ ਤੇ ਸੰਗੀਤ ਕਲਾ ਦਾ ਅਵਤਾਰ ਤਾਨਸੈਨ ਵੀ ਅਕਬਰ ਦਾ ਮੰਨਜ਼ੂਰਿ ਨਜ਼ਰ ਸੀ। ਜਦੋਂ ਇਹ ਆਪਣੀ ਅਣੋਖੀ ਮਸਤੀ ਵਿਚ ਆਕੇ, ਦੀਪਕ ਰਾਗ ਗਾਇਆ ਕਰਦਾ ਸੀ ਤਾਂ ਇਤਿਹਾਸ ਦੱਸਦਾ ਹੈ ਕਿ ਬੁਝੇ ਹੋਏ ਦੀਵੇ, ਰੋਸ਼ਨ ਹੋ ਜਾਇਆ ਕਰਦੇ ਸਨ।

ਇੱਕ ਦਿਨ ਅਕਬਰ ਨੇ, ਤਾਨਸੈਨ ਕੋਲ ਇਛਿਆ ਪ੍ਰਗਟ ਕੀਤੀ :-

'ਮੈਂ ਤੇਰੇ ਉਸਤਾਦ ਕੋਲੋਂ ਗਾਇਣ ਸੁਣਨਾ ਚਾਹੁੰਦਾ ਹਾਂ।'

ਮੇਰਾ ਉਸਤਾਦ ਕਿਸੇ ਦੀ ਮੁਛੰਦਗੀ ਨਹੀਂ ਕਰਦਾ। ਉਹ ਸੰਗੀਤ ਕਲਾ ਨੂੰ ਆਪਣੀ ਜਿੰਦ ਜਾਨ ਸਮਝਦਾ ਹੈ। ਉਹ ਕਿਸੇ ਦੀ ਮੁਥਾਜੀ ਨਹੀਂ ਮੰਨਦਾ, ਉਹ ਕਿਸੇ ਰਾਜੇ ਮਹਾਰਾਜੇ ਦੀ ਕੋਈ ਪਰਵਾਹ ਨਹੀਂ ਕਰਦਾ। ਉਸਦਾ ਸੰਗੀਤ

ਸੁਣਨ ਲਈ,. ਸਾਨੂੰ ਆਪ ਉਸ ਕੋਲ ਤੁਰਕੇ ਜਾਣਾ ਪਏਗਾ ।" ਤਾਨਸੈਨ ਨੇ ਬੜੀ ਗੰਭੀਰਤਾ ਵਿਚ ਕਿਹਾ ।

ਅਕਬਰ ਨੇ ਕਿਹਾ, "ਮੈਨੂੰ ਮਨਜ਼ੂਰ ਹੈ । ਮੈਂ ਪੈਦਲ ਤੁਰ ਕੇ, ਤੇਰੇ ਉਸਤਾਦ ਦੇ ਦੌਲਤਖਾਨੇ ਉਤੇ ਪਹੁੰਚਾਂਗਾ । ਸੰਗੀਤ ਸੁਣਨ ਲਈ ਹੱਥ ਜੋੜਕੇ ਇਲਤਜਾ ਵੀ ਕਰਾਂਗਾ ।"

ਅਕਬਰ ਨੇ ਆਪਣੇ ਸ਼ੌਕ ਨੂੰ ਪੂਰਾ ਕਰਨ ਲਈ ਬੜੀ ਨਿਮਰਤਾ ਵਿਚ ਕਿਹਾ । ਅਗਲੇ ਦਿਨ ਇਹ ਦੋਨੋਂ, ਗਵਾਲੀਅਰ ਵਿਖੇ, ਤਾਨਸੈਨ ਦੇ ਉਸਤਾਦ ਕੋਲ ਪਹੁੰਦੇ । ਇਸ ਮੌਕੇ ਉਹ ਆਪਣੀ ਅਨੋਖੀ ਮਸਤੀ ਵਿਚ ਮਧੁਰ ਰਸ-ਭਿੰਨਾਂ ਗਾਣਾ ਗਾ ਰਿਹਾ ਸੀ । ਅਕਬਰ ਬਹੁਤ ਖੁਸ਼ ਹੋਇਆ । ਉਸ ਉਪਰ ਇੱਕ ਵਜਦ ਭਾਰੀ ਹੋ ਗਿਆ ।

ਦਰਬਾਰ ਵਿਚ ਵਾਪਸ ਆਕੇ, ਅਕਬਰ ਨੇ ਤਾਨਸੈਨ ਨੂੰ ਕਿਹਾ ਕਿ ਮੈਨੂੰ ਉਸੇ ਸੁਰ ਸਾਜ਼ ਵਿਚ, ਤੁਸੀਂ ਉਹੀ ਸੰਗੀਤ ਸੁਣਾਓ, ਜਿਹੜਾ ਤੇਰੇ ਉਸਤਾਦ ਕੋਲੋਂ ਸੁਣਿਆ ਸੀ । ਤਾਨਸੈਨ ਨੇ ਗਾਉਣਾ ਸ਼ੁਰੂ ਕੀਤਾ । ਕਾਫੀ ਦੇਰ ਗਾਉਂਦਾ ਗਿਆ ਪਰ ਉਹ ਰੰਗ ਨਾ ਬਣਿਆ ਜਿਹੜਾ ਉਸਦੇ ਉਸਤਾਦ ਨੇ ਬਣਾਇਆ ਸੀ ਅਕਬਰ ਨੇ ਗਿਲਾ ਕੀਤਾ "ਕਿ ਨਹੀਂ ! ਨਹੀਂ !! ਤੇਰੇ ਤੋਂ ਉਸਤਾਦ ਦੀ ਰੀਸ ਨਹੀਂ ਹੋ ਸਕਦੀ । ਮੈਨੂੰ ਉਹ ਸੁਆਦ ਨਹੀਂ ਆਇਆ । "

ਤਾਨਸੈਨ ਝੱਟ ਝੁੰਜਲਾ ਕੇ ਕਹਿਣ ਲੱਗਿਆ, "ਆਲੀ ਜਾਹ! ਮਹਾ-ਬ-ਦੌਲਤ !! ਤੁਹਾਡਾ ਗਿਲਾ ਠੀਕ ਹੈ । ਮੇਰੇ ਕੋਲੋਂ ਮੇਰੇ ਉਸਤਾਦ ਜੈਸਾ ਸੁਆਦ ਆ ਹੀ ਨਹੀਂ ਸਕਦਾ । ਕਿਉਂਕਿ ਮੈਂ ਤਾਂ ਤੁਹਾਨੂੰ ਖੁਸ਼ ਕਰਨ ਲਈ ਗਾਉਂਦਾ ਹਾਂ ਪਰ ਮੇਰਾ ਉਸਤਾਦ ਪੂਰੇ ਪੂਰੇ ਸੁਆਦ ਵਿਚ ਆਕੇ, ਆਪਣੇ ਪਿਆਰੇ ਪ੍ਰੀਤਮ (ਪ੍ਰਭੂ) ਨੂੰ ਖੁਸ਼ ਕਰਨ ਲਈ, ਉਸਦੀ ਉਪਮਾ ਵਜੋਂ ਗਾਇਆ ਕਰਦਾ ਹੈ ।"

ਅਕਬਰ ਚੁੱਪ ਹੋ ਗਿਆ । ਤਾਂਨਸੈਨ ਨੇ ਸੱਚੀ ਸੱਚੀ ਗੱਲ ਆਖ ਦਿੱਤੀ ਸੀ । ਅਸਲੀ ਢਾਡੀ ਉਹੀ ਹੈ ਜਿਹੜਾ ਕਿਸੇ ਬੰਦੇ ਨੂੰ ਖੁਸ਼ ਕਰਨ ਲਈ ਨਹੀਂ, ਸਗੋਂ ਆਪਣੇ ਪ੍ਰਭੂ ਨੂੰ ਖੁਸ਼ ਕਰਨ ਲਈ ਗਾਉਂਦਾ ਹੈ । ਗੁਰਵਾਕ ਹੈ :-

'ਸੋ ਢਾਡੀ ਗੁਣਵੰਤੁ, ਜਿਸ ਨੋ ਪ੍ਰਭ ਪਿਆਰਾ ।'

ਹੁਣ ਦੇ ਮਾਇਆਵਾਦੀ ਯੁੱਗ ਵਿਚ-ਜਿੱਥੇ ਹਰ ਸ਼ੈ ਨੂੰ ਕੇਵਲ ਪੈਸੇ ਦੀ ਤਕੜੀ ਉਪਰ ਹੀ ਤੋਲਿਆ ਜਾਂਦਾ ਹੈ ਤੇ ਹਰ ਥਾਂ ਪੈਸਾ ਹੀ ਪ੍ਰਧਾਨ ਹੈ ਤਾਂ ਢਾਡੀਆਂ ਦੀ ਤ੍ਰਿਸ਼ਨਾ ਵੀ ਕੋਈ ਅਲੋਕਾਰੀ ਗੱਲ ਨਹੀਂ ।

ਪਰ ਇਥੇ ਅਸੀਂ ਇਹ ਦੱਸਣਾ ਜ਼ਰੂਰੀ ਸਮਝਦੇ ਹਾਂ ਕਿ ਢਾਡੀ ਨੂੰ ਕਦੀ ਭੁੱਲਕੇ ਵੀ ਕਿਸੇ ਮਨੁੱਖ ਦੀ ਪ੍ਰਸੰਸਾ ਕਰਨ ਲਈ, ਝੂਠੀਆਂ ਗੱਲਾਂ ਨੂੰ ਵਾਰਾਂ ਵਿਚ ਨਹੀਂ ਗਾਉਣਾ ਚਾਹੀਦਾ । ਚਾਂਦੀ ਦੇ ਚੰਦ ਛਿੱਲੜਾਂ ਲਈ, ਢਾਡੀ ਕਲਾ ਦੀ ਆਨ ਸ਼ਾਨ ਨੂੰ ਕਦੀ ਕੋਈ ਠੇਸ ਨਹੀਂ ਪਹੁੰਚਣੀ ਚਾਹੀਦੀ ।

ਗੁਰੂ ਨਾਨਕ ਦੇਵ ਜੀ ਬਹੁਤ ਉੱਚ ਕੋਟੀ ਦੇ ਪ੍ਰਥਮ ਢਾਡੀ ਸਨ ਤੇ ਆਪ ਜੀ ਨੇ ਆਪਣੇ ਆਪ ਨੂੰ ਢਾਡੀ ਅਖਵਾਉਣ ਵਿਚ, ਬਹੁਤ ਗੌਰਵ ਮਹਿਸੂਸ ਕੀਤਾ ।

# ਹਰਿ ਕੀਰਤਨ

**ਭਾਈ ਸਾਹਿਬ ਰਣਧੀਰ ਸਿੰਘ ਜੀ**

ਵਡਭਾਗੀ ਹਰਿ ਕੀਰਤਨ ਗਾਈਐ ॥
ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ ਰਹਾਉ ॥

(੪॥੯੪) (ਗਾਉੜੀ ਮ: ੫ ਪੰਨਾ ੧੯੬)

## ਹਰਿ-ਕੀਰਤਨ ਕੀ ਹੈ ?

ਹਰਿ-ਕੀਰਤਨ ਗਾਵਣ ਦੀ ਐਸੀ ਅਮੋਲਕ ਦਾਤਿ ਹੈ ਜੋ ਕੇਵਲ ਤਿਨ੍ਹਾਂ ਵਡਭਾਗੀ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਆਪਿ ਤੁਠ ਕੇ ਗੁਰੂ ਕਰਤਾਰ ਦੇਵੇ। ਸਤਿਗੁਰੂ ਨਾਨਕ ਸੱਚੇ ਪਾਤਸ਼ਾਹ ਅਸਾਂ ਕਲਜੁਗੀ ਜੀਵਾਂ ਤੇ ਤੁੱਠਾ ਤਾਂ ਇਹ ਰੱਬੀ ਦਾਤਿ ਕੀਰਤਨ ਦੀ ਅਸਾਂ ਨੂੰ ਪ੍ਰਾਪਤ ਹੋਈ ਪਰ ਅਸਾਥੋਂ ਇਹ ਸਮ੍ਹਾਲੀ ਨਾ ਗਈ।

ਹਰਿ ਕੀਰਤਨ ਇਕ ਰੱਬੀ ਦਾਤਿ ਹੈ, ਜੋ ਧੁਰ ਕਰਤਾਰ ਦੇ ਦਰਬਾਰੋਂ ਕਲਜੁਗੀ ਜੀਵਾਂ ਦੇ ਉਧਾਰ ਲਈ ਸਤਿਗੁਰੂ ਨਾਨਕ ਸਾਹਿਬ ਜੀ ਦੁਆਰਾ ਇਸ ਸੰਸਾਰ ਵਿਖੇ ਆਣ ਕੇ ਪ੍ਰਵੇਸ਼ ਹੋਈ। ਸਤਿਗੁਰ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੁਆਰਾ ਧੁਰੋਂ ਆਈ ਸੱਚੀ ਦਾਤਿ 'ਗੁਰਬਾਣੀ' ਅਰਥਾਤ ਧੁਰ ਦੀ ਬਾਣੀ ਹੈ। ਤਾਂਤੇ ਕੇਵਲ ਗੁਰਬਾਣੀ ਨੂੰ ਗਾਵਣਾ ਹੀ ਹਰਿ-ਕੀਰਤਨ ਹੈ। ਗੁਰੂ ਸਾਹਿਬਾਨ ਦੁਆਰਾ ਧੁਰੋਂ ਅਵਤਰੀ ਬਾਣੀ, ਅਮੋਘ ਬਾਣ ਮਈ ਅੰਮ੍ਰਿਤ ਬਾਣੀ ਹੈ, ਜਿਸ ਦੇ ਗਾਵਣ ਸੁਣਨ ਕਰਿ ਹੀ ਗਾਵਣ ਸੁਣਨਹਾਰੇ ਪ੍ਰੇਮੀ ਜਨਾਂ ਦੀਆਂ ਬਿਰਤੀਆਂ ਉਪਰ ਪਾਰਸ-ਕਲਾ ਵਰਤ ਜਾਂਦੀ ਹੈ। ਤਾਂਤੇ ਗੁਰਬਾਣੀ ਦਾ ਕੀਰਤਨ ਹੀ ਹਰਿ-ਕੀਰਤਨ ਹੈ। ਯਥਾ ਗੁਰਵਾਕ -

ਪਾਰਬ੍ਰਹਮੁ ਹੋਆ ਸਹਾਈ
ਕਥਾ ਕੀਰਤਨੁ ਸੁਖਦਾਈ ॥
ਗੁਰ ਪੂਰੇ ਕੀ ਬਾਣੀ ਜਪਿ
ਅਨਦੁ ਕਰਹੁ ਨਿਤ ਪ੍ਰਾਣੀ ॥੧॥(੪॥੧੬॥੨੭)

(ਸੋਰਠਿ ਮ: ੫, ਪੰਨਾ ੬੧੬)

ਤਥਾ - ਗੁਰ ਪੂਰੇ ਕੀ ਬਾਣੀ ॥
ਪਾਰਬ੍ਰਹਮ ਮਨਿ ਭਾਣੀ ॥
ਨਾਨਕ ਦਾਸਿ ਵਖਾਣੀ ॥
ਨਿਰਮਲ ਅਕਥ ਕਹਾਣੀ ॥੨॥੧੮॥੮੨॥

(ਸੋਰਠਿ ਮ: ੫, ਪੰਨਾ ੬੨੯)

ਪੁਨਾ -
ਜਗਿ ਸੁਕ੍ਰਿਤੁ ਕੀਰਤਿ ਨਾਮੁ ਹੈ ਮੇਰੀ ਜਿੰਦੁੜੀਏ
ਹਰਿ ਕੀਰਤਿ ਹਰਿ ਮਨਿ ਧਾਰੇ ਰਾਮ....੧॥(੪॥੩)

(ਬਿਹਾਗੜਾ ਮ:੪, ਪੰਨਾ ੫੩੯)

ਤਥਾ- ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ...੨॥(੪॥੪)

(ਬਿਹਾਗੜਾ ਮ:੪, ਪੰਨਾ ੫੪੦)

## ਹਰਿ-ਕੀਰਤਨ ਦਾ ਅਸਰ ਤੇ ਫਲ -

ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਮਾਤਰ ਭੀ ਪਾਰਸ ਰੂਪੀ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ। ਅਸੀਂ ਇਸ ਪਾਰਸ ਨੂੰ ਛਿਨ ਭੰਗਰ ਮਾਤਰ ਹੀ ਪਰਸਦੇ ਹਾਂ। ਗੁਰਬਾਣੀ ਦੇ ਪਾਠ ਅਤੇ ਕੀਰਤਨ ਨਮਿਤ ਦਿਨ ਰਾਤ ਵਿਚੋਂ ਸਮੇਂ ਦਾ ਦਸੌਧ (ਦਸਵਾਂ ਹਿੱਸਾ) ਭੀ ਅਰਪਨ ਨਹੀਂ ਕਰਦੇ। ਉਹ ਭੀ ਜੋ ਛਿਨ ਭੰਗਰੀ ਸਮਾਂ ਇਤ ਵਲ ਅਰਪਨ ਕਰਦੇ ਹਾਂ ਸੋ ਬਧੇ ਚੱਟੀ ਹੀ ਭਰਦੇ ਹਾਂ। ਜਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ :

ਜੈਸੇ ਗੁਰਿ ਉਪਦੇਸਿਆ
ਮੈ ਤੈਸੇ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ
ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੯

(ਗੌੜੀ ਮਾਲਵਾ ਮ: ੫, ਪੰਨਾ ੨੧੪)

ਰੂਪੀ ਗੁਰਵਾਕ ਉਤੇ ਸੱਚੇ ਸਿੱਖਾਂ ਵਾਲੀ ਸ਼ਰਧਾ-ਭਾਉ ਭਾਵਨੀ ਹੈ, ਉਹ ਕੀਰਤਨ ਨੂੰ ਉਧਾਰ ਦਾ ਮੀਆਰ ਸਮਝ ਕੇ ਕਰਦੇ ਹਨ । ਉਧਾਰ ਹਿੱਤ ਕੀਰਤਨ ਕਰਨਹਾਰਿਆਂ ਨੂੰ ਕੀਰਤਨ ਇਕ ਆਧਾਰ ਅਤੇ ਅਹਾਰ ਰੂਪ ਹੋ ਜਾਂਦਾ ਹੈ ਉਥੇ ਕੀਰਤਨ ਨਮਿਤ ਸਮੇਂ ਦੀ ਥੁੜੋਂ ਵਾਲੀ ਬੰਧਨਾ ਨਹੀਂ । ਬੰਧਨ ਓਥੇ ਸਭ ਟੁੱਟ ਜਾਂਦੇ ਹਨ । ਕਲਿਆਨ-ਅਭਿਲਾਖੀਆਂ ਦੀ ਮੁੱਖ ਕਾਰ ਹੀ ਕੀਰਤਨ ਬਣ ਆਉਂਦੀ ਹੈ । ਓਹ ਖ਼ੁਸ਼ੀ ਸੇਤੀ ਇਸ ਕੀਰਤਨ ਰੂਪੀ ਕਾਰ ਨੂੰ ਸਮ੍ਹਾਰਦੇ ਹਨ, ਬਧੇ ਚੱਟੀ ਨਹੀਂ ਭਰਦੇ ।

ਗੁਰਬਾਣੀ ਦੇ ਰੱਬੀ ਕੀਰਤਨ ਵਿਚ ਅਕਹਿ ਰਸ ਹੈ । ਜਿਉਂ ਜਿਉਂ ਕੀਰਤਨ ਕਮਾਈ ਵਧਦੀ ਹੈ, ਤਿਉਂ ਤਿਉਂ ਕੀਰਤਨ-ਕਲਾ-ਰਸ ਦਾ ਵਿਗਾਸ ਵੀ ਵਧਦਾ ਜਾਂਦਾ ਹੈ । ਉਹ ਕੀਰਤਨ ਕਰਕੇ ਅਕਦੇ ਥਕਦੇ ਨਹੀਂ । ਅੱਠੇ ਪਹਿਰ ਦਿਨ ਰਾਤ ਭੀ ਉਹ ਕੀਰਤਨ ਕਰਦੇ ਰਹਿਣ ਤਾਂ ਵੀ ਠੱਲ੍ਹ ਨਹੀਂ ਪੈਂਦੀ । ਕੀਰਤਨ-ਪਾਰਸ-ਕਲਾ-ਵਿਗਾਸ ਉਹਨਾਂ ਤੋਂ ਆਪੋਂ ਹੀ ਕੀਰਤਨ ਕਰਾਉਂਦਾ ਹੈ । ਉਹਨਾਂ ਨੂੰ ਕੀਰਤਨ ਦਾ ਰੱਜ ਹੀ ਨਹੀਂ ਆਉਂਦਾ । ਕੀਰਤਨ-ਆਹਾਰੀਆਂ ਦਾ ਅਹਾਰ ਹੀ ਜੁ ਕੀਰਤਨ ਹੋਇਆ । ਗੁਰਬਾਣੀ ਦਾ ਇਲਾਹੀ ਕੀਰਤਨ ਦਿਲ ਦਿਮਾਗ ਵਿਖੇ ਅੰਮ੍ਰਿਤ-ਕਲਾ ਵਰਤਾਉਂਦਾ ਹੈ । ਕੀਰਤਨ ਦਾ ਰਸੀਆ ਇਸ ਰਸ-ਵਿਗਾਸ ਪ੍ਰਾਇਣ ਹੋ ਕੇ ਹੀ ਇਸ ਬਿਧਿ ਕੀਰਤਨ-ਵਲਵਲੇ ਆਪਣੇ ਅੰਤਰਿ ਉਪਜੇ ਹਰਦਮ ਮਹਿਸੂਸ ਕਰਦਾ ਰਹਿੰਦਾ ਹੈ । ਯਥਾ ਗੁਰਵਾਕ :

ਹਉ ਅਨਦਿਨੁ ਹਰਿਨਾਮੁ ਕੀਰਤਨ ਕਰਉ ॥
ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ
ਹਉ ਹਰਿ ਬਿਨੁ ਖਿਨੁ ਪਲੁ
ਰਹਿ ਨ ਸਕਉ ॥੧॥ ਰਹਾਉ॥
ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ
ਹਉ ਹਰਿ ਬਿਨੁ ਰਹਿ ਨ ਸਕਉ
ਹਉ ਇਕੁ ਖਿਨੁ ॥(੨॥੧੪॥੬੬)

*(ਆਸਾਵਰੀ ਮ:੪, ਪੰਨਾ ੩੬੯)*

ਤਥਾ - ਕੀਰਤਨ ਨਾਮੁ ਸਿਮਰਤ ਰਹਾਉ
ਜਬ ਲਗੁ ਘਟਿ ਸਾਸੁ ॥੧॥ ਰਹਾਉ॥ (੭॥੭੧)

*(ਬਿਲਾਵਲੁ ਮ:੫, ਪੰਨਾ ੮੧੮)*

ਪੁਨਾ - ਹਰਿ ਗੁਣ ਗਾਵੈ ਸਦਾ ਦਿਨੁ ਰਾਤੀ
ਮੈ ਹਰਿ ਜਸੁ ਕਹਤੇ ਅੰਤੁ ਨਾ
ਲਹੀਆ...॥੫॥(੮॥੧॥੪)

*(ਬਿਲਾਵਲੁ ਮ:੪, ਅਸਟ:, ਪੰਨਾ ੮੩੩)*

ਤਾਂਹੀ ਤੇ ਕੀਰਤਨ ਦੇ ਰਸੀਏ ਗੁਰਮੁਖ ਸੰਤ ਸਿਖ ਭਗਤ ਜਨਾਂ ਦੇ ਸਤਿਸੰਗ-ਮੰਡਲ ਵਿਖੇ ਅਠੋ ਪਹਿਰ ਕੀਰਤਨ ਦਾ ਹੀ ਪ੍ਰਵਾਹ ਚਲਿਆ ਰਹਿੰਦਾ ਹੈ । ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ :-

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ
ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ਰਹਾਉ॥(੨॥੩॥੮੪)

*(ਬਿਲਾਵਲ ਮ:੫,ਪੰਨਾ ੮੨੦)*

ਪੂਰੇ ਸਤਿਗੁਰੂ ਦੇ ਸਚਿਆਰ ਸਿਖ ਦਾ ਅਹਾਰ (ਭੋਜਨ ਚੂਰਾ) ਹੀ ਅਖੰਡ ਕੀਰਤਨ ਹੈ ।

**ਕੱਚੀ ਬਾਣੀ ਦਾ ਗਾਉਣਾ ਹਰਿ-ਕੀਰਤਨ ਨਹੀਂ :**

ਗੁਰੂ ਘਰ ਵਿਖੇ ਗੁਰਮਤਿ ਅਨੁਸਾਰ ਗੁਰਬਾਣੀ ਦਾ ਇਕ-ਰਸ ਅਖੰਡ ਅਤੇ ਨਿਰਬਾਣ ਕੀਰਤਨ ਹੀ ਪਰਵਾਣ ਹੈ । ਗੁਰਬਾਣੀ ਦੇ ਨਿਰੋਲ ਕੀਰਤਨ ਵਿਖੇ ਕੱਚੀ ਬਾਣੀ ਨੂੰ ਰਲਾਉਣਾ ਕੀਰਤਨ ਦੀ ਅਖੰਡਤਾ ਨੂੰ ਖੰਡਤ ਕਰਨਾ ਹੈ ਅਤੇ ਨਿਰਬਾਣ ਕੀਰਤਨ ਦੇ ਇਕ-ਰਸ ਆਨੰਦ ਅਹਿਲਾਦ ਨੂੰ ਬੇਰਸ ਕਰਨਾ ਹੈ ।

ਅੰਮ੍ਰਿਤ ਬਚ ਸਤਿਗੁਰ ਕੀ ਬਾਣੀ
ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥(੪॥੬)

*ਗੂਜਰੀਮ:੪, ਪੰਨਾ ੪੯੪)*

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਗੁਰਬਾਣੀ ਦਾ ਪਾਠ ਕੀਰਤਨ ਹੀ ਅੰਮ੍ਰਿਤ ਰਸਾਇਣ ਪਾਰਸ-ਰਸ ਉਪਜਾਇਕ ਹੈ ।

**ਹਰਿ-ਕੀਰਤਨ ਗੁਰਬਾਣੀ ਦਾ ਹੀ ਹੋ ਸਕਦਾ ਹੈ -**

ਕੇਵਲ ਗੁਰਬਾਣੀ ਦੇ ਕੀਰਤਨ ਨੂੰ ਹੀ "ਹਰਿ ਕੀਰਤਨ" ਦੀ ਪਦਵੀ ਪ੍ਰਾਪਤ ਹੈ । ਹਰੀ ਅਕਾਲ ਪੁਰਖ ਸਿਰਜਨਹਾਰ ਕਰਤਾਰ ਦੇ ਹਰਦਮ ਸਾਖਸ਼ਾਤ ਦੀਦਾਰ ਕਰਨਹਾਰੇ ਗੁਰੂ ਸਾਹਿਬਾਨ ਨੇ ਸਨਮੁਖ ਸਾਂਗੋ ਪਾਂਗ ਦਰਸ

ਪਰਸ ਕੇ ਹੀ ਗੁਰਬਾਣੀ ਰੂਪੀ ਹਰਿ ਗੁਣ ਗਾਏ ਉਚਰੇ ਹਨ। ਤਾਂ ਹੀ ਇਹਨਾਂ ਗੁਣਾਂ ਦਾ ਗਾਵਣਾ ਹਰਿ-ਕੀਰਤਨ ਹੈ ਅਤੇ ਗੁਰਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦਾ ਹਰਿ ਗੁਣ ਗਾਵਣਾ ਭੀ ਸਦਾ ਹਰਿ-ਕੀਰਤਨ ਕਰਨਾ ਹੈ। ਗੁਰ-ਭਗਤਿ-ਕਮਾਈ ਕੇਵਲ ਹਰਿ ਗੁਣ ਉਚਰੇ ਗਾਏ ਗੁਣਾਂ ਦੁਆਰਾ ਹੀ ਸੰਭਵ ਹੈ। ਸੁਣੇ ਸੁਣਾਏ ਗੋਬਿੰਦ ਗੁਣਾਂ ਨੂੰ ਕਲਪਤ ਕਥਨੀ ਦੁਆਰਾ ਗੁੰਫ ਕੇ ਗੀਤਾਂ ਦੀ ਸ਼ਕਲ ਦੇ ਦੇਣਾ, ਅਤੇ ਇਹਨਾਂ ਗੱਠ-ਤ੍ਰੁਪ ਕੀਤੇ ਗੀਤਾਂ ਨੂੰ ਗਾਵਣਾ ਹਰਗਿਜ਼ ਹਰਗਿਜ਼ ਹਰਿ-ਕੀਰਤਨ ਨਹੀਂ ਹੋ ਸਕਦਾ। "ਅਣਡੀਠਾ ਕਿਛੁ ਕਹਣੁ ਨਾ ਜਾਇ" (ਮਲਾਰ ਮ:੧, ਪੰਨਾ -੧੨੫੬) ਦੇ ਗੁਰਵਾਕ ਅਨੁਸਾਰ ਜਿਨ੍ਹਾਂ ਨੇ ਸ੍ਰੀ ਅਕਾਲ ਪੁਰਖ ਨਿਰੰਕਾਰ ਨੂੰ ਸਾਂਗੋ ਪਾਂਗ ਪੇਖਿਆ ਹੀ ਨਹੀਂ, ਉਹ ਉਸ ਦੀ ਸਿਫ਼ਤਿ ਸਾਲਾਹ ਹੀ ਕੀ ਕਰਿ ਸਕਦੇ ਹਨ ?

ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ....॥

*(੪॥੨੫॥੩੬) ਰਾਮਕਲੀ ਮ:੫, ਪੰਨਾ ੮੯੪)*

ਦੇ ਗੁਰਵਾਕ ਅਨੁਸਾਰ ਸਾਲਾਹੀ ਦੀ ਗੁਰ-ਸਾਖੀ ਸਿਫਤ ਸਾਲਾਹ ਹੀ ਹਰਿ-ਜਸ ਅਥਵਾ ਹਰਿ-ਕੀਰਤਨ ਬਣ ਸਕਦੀ ਹੈ। ਅਲਪੱਗ ਪੁਰਸ਼ਾਂ ਦੀ ਬਣਾਈ ਗੀਤਾਵਲੀ ਯਾ ਕਬਿੱਤਾਵਲੀ ਕਦਾਚਿਤ ਹਰਿ-ਕੀਰਤਨ ਦੇ ਲਵੇ ਨਹੀਂ ਲਗ ਸਕਦੀ। ਆਮ ਗੀਤਾਂ ਨੂੰ ਰਾਗਾਂ ਵਿੱਚ ਪਾ ਕੇ ਗਾਵਣਾ ਅਤੇ ਰਾਗ-ਵਿਦਿਆ ਘੋਖ ਕੇ ਗਾਵਣਾ ਸੰਗੀਤ ਤਾਂ ਹੋ ਸਕਦਾ ਹੈ, ਪਰ ਇਸ ਸੰਗੀਤ ਨੂੰ ਹਰਿ-ਕੀਰਤਨ ਆਖਣਾ ਮਹਾਂ ਭੁਲ ਹੈ।

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ
ਬੋਲਤ ਬੋਲ ਅਜਾਏ ॥੧॥ਰਹਾਉ॥

*(੪॥੧॥੮੧) ਬਿਲਾਵਲੁ ਮ:੫, ਪੰਨਾ ੮੨੦)*

ਗੁਰਵਾਕ ਦੇ ਭਾਵ ਅਨੁਸਾਰ ਗੁਰ ਗਿਆਨ ਪ੍ਰਚੰਡਨੀ ਦੀਦਾਰ ਨਿਰੰਕਾਰ ਦੇ ਸ਼ਾਖਸ਼ਾਤਕਾਰੀ ਜਲਵੇ ਤੋਂ ਘੁਥੇ ਅੰਧਲੇ ਅਗਿਆਨੀ ਸਾਕਤ ਪੁਰਸ਼ਾਂ ਦੇ ਕਥੇ ਸੁਣੇ ਸੁਣਾਏ ਬਿਉਂਤੇ ਰਾਗ ਨਾਦ ਗੀਤਾਂ ਦਾ ਗਾਵਣਾ 'ਬੋਲਤ ਬੋਲ ਅਜਾਏ' ਵਾਲਾ ਹੀ ਕਸੌਦਾ ਹੈ। ਇਹਨਾਂ ਕਚ-ਪਿੱਚੇ ਬੋਲ-ਅਬੋਲੀ ਰਾਗ-ਨਾਦੀ ਗੀਤਾਂ ਨੂੰ ਸ੍ਰਵਣੀ ਸੁਣਨਾਂ ਸੁਣਾਵਣਾ ਮਹਾਂ ਮਨਮਤਿ ਹੈ। ਗੁਰਬਾਣੀ ਰੂਪੀ ਸੁਚੇ ਰਤਨਾਂ ਵਿਖੇ ਮਨ-ਘੜਤ, ਟੱਪੇ ਬੋਲੀਆਂ ਨੂੰ ਜੋੜ ਕੇ ਰਲਾਵਣਾ ਭੀ ਹਰਿ-ਕੀਰਤਨ ਦੀ ਸੁਚੀ ਪਾਰਸ-ਕਲਾ ਨੂੰ ਕਲੰਕਤ ਕਰਨਾ ਹੈ। ਐਸੇ ਮਿਲਗੋਭੇ ਕੀਰਤਨ ਨੂੰ ਨਿਰਬਾਣ ਅਥਵਾ ਅਖੰਡ ਕੀਰਤਨ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਦੀਆਂ ਦੋ ਚਾਰ ਤੁਕਾਂ ਦਾ ਆਸਰਾ ਲੈ ਕੇ ਮਨ-ਉਕਤ ਟੱਪੇ ਜੋੜਿ ਜੋੜਿ ਚਾਹੇ ਸਾਰੀ ਰਾਤ ਹੀ ਕਿਉਂ ਨਾ ਤਾਲ ਪੂਰਿ ਪੂਰਿ ਚਿਮਟੇ ਬਜਾਏ ਜਾਣ ਅਤੇ ਨਿਰੇ ਰਾਗ-ਨਾਦੀ ਗੀਤ ਗਾਇ ਗਾਇ ਭਾਵੇਂ ਕਿਤਨਾ ਹੀ ਸਿਰ ਕਿਉਂ ਨਾ ਖਪਾਇਆ ਜਾਵੇ, ਕਦਾਚਿਤ ਭੀ ਇਸ ਨੂੰ ਅਖੰਡ ਕੀਰਤਨ ਨਹੀਂ ਕਹਿ ਸਕਦੇ। ਕੀਰਤਨ ਦੀ ਨਿਰਖੰਡਤਾ ਅਤੇ ਨਿਰਬਾਣਤਾ ਕੇਵਲ ਨਿਰੋਲ ਗੁਰਬਾਣੀ ਦੇ ਇਕ-ਰਸ ਕੀਰਤਨ ਵਿਚ ਹੈ।

## ਹਰਿ ਕੀਰਤਨ ਦਾ ਸੰਗੀਤ -

ਹਰਿ-ਕੀਰਤਨ ਦਾ ਸੁੱਚਾ ਸੰਗੀਤ-ਵਿਗਾਸ ਨਾਮ ਬਾਣੀ ਦੀ ਕਮਾਈ ਵਾਲੇ ਗੁਰਮੁਖ ਜਨਾਂ ਦੇ ਹਿਰਦੇ ਅੰਦਰਿ ਸੁਤੇ ਸਹਿਜ ਹੀ ਹੋਇ ਆਂਵਦਾ ਹੈ। ਸੁਰ ਤਾਲ ਧੁਨੀਆਂ ਓਥੇ ਆਪ ਪਿਛੇ ਲਗੀਆਂ ਫਿਰਦੀਆਂ ਹਨ। ਪੰਚਮਾਂ ਭੀ ਓਥੇ ਮਾਤ ਪੈ ਜਾਂਦੀਆਂ ਹਨ। ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਪ੍ਰਕਾਸ਼ ਰਿਦੰਤਰਿ ਉਦੇ ਹੋਇਆ ਕੀਰਤਨ-ਕਲਾ ਦੇ ਕਿਵਾੜ ਅਗੰਮੋਂ ਆ ਖੁਲ੍ਹਦੇ ਹਨ ਅਤੇ ਰਾਗ ਰਤਨ ਪਰਵਾਰ ਪਰੀਆਂ ਸ਼ਬਦ ਸਰੋਦ ਦੀ ਘੂੰਮਰ ਵਿਚਿ ਤਾਲ ਪੂਰਨ ਦੇ ਤਰਲੇ ਲੈਣਾ ਆਪਣਾ ਫ਼ਖਰ ਸਮਝਦੀਆਂ ਹਨ। ਰਾਗ ਤਾਲ ਸੁਰ ਦੀ ਸੋਝੀ ਸ਼ਬਦ-ਵਿਗਾਸੀਆਂ ਲਈ ਇਕ ਖੱਬੇ ਹੱਥ ਦੀ ਖੇਡ ਹੈ।

ਰਾਗ-ਸੁਰ-ਤਾਲੀਏ ਸੱਤੇ ਬਲਵੰਡ ਹੋਰੀ ਆਪਣੀ ਤਰਬ ਤਾਨਾਰੀਰੀ ਦੇ ਹੁਨਰ ਦੀ ਹੈਂਕੜ ਵਿਚ ਸਤਿਗੁਰੂ ਤੋਂ ਆਕੀ ਹੋ ਬੈਠੇ। ਸਤਿਗੁਰੂ ਨੇ ਉਹਨਾਂ ਦਾ ਹੰਕਾਰ ਦਮਨ ਕਰਨ ਲਈ ਆਪਣੇ ਸੂਧੇ ਸਾਦੇ ਸਿੱਖਾਂ ਹਿਤ ਸਰੋਦ-ਅਗੰਮੀ ਸਰੰਦੇ ਦਾ ਨਵ-ਤਰੰਗੀ ਸਾਜ ਈਜਾਦ ਕਰ ਦਿੱਤਾ ਅਤੇ ਆਪਣੇ ਇਕੋ ਨਦਰ-ਕਰੰਮੀ-ਕਟਾਕਸ਼ ਦੁਆਰਾ ਸ਼ਬਦ-ਜੋਤਿ-ਬਿਗਾਸੀ ਗੁਰਸਿਖਾਂ ਨੂੰ ਸਰੋਦ-ਸਰੰਦੀ-ਕੀਰਤਨ-ਕਲਾ ਦਾ ਮਾਹਰ ਬਣਾ ਦਿੱਤਾ। ਗੁਰੂ ਤੇ ਬੇ-ਮੁਖ ਹੋਣ ਕਰ ਸੱਤੇ ਬਲਵੰਡ ਦਾ ਕੀਰਤਨ-ਕਮਾਲ ਖੁੱਸ ਗਿਆ। ਨਿਰੇ ਰਾਗ ਹੀ ਰਾਗ ਦੀ ਥੋਥੀ ਤਾਨਾਰੀਰੀ ਰਹਿ ਗਈ। ਗੁਰੂ-ਫਿਟਕਾਰਿਆਂ ਦਾ ਰਾਗ-ਤਰਬ-ਤਰਾਨਾ ਭੀ ਫਿਟਕਾਰਿਆ ਗਿਆ। ਅਨਿੰਨ ਗੁਰਸਿਖ ਭਾਈ ਲੱਧੇ ਪਰਉਪਕਾਰੀ ਦੇ ਪਰਉਪਕਾਰ ਦੇ

ਪਰਤਾਪ ਕਰਿ ਜਦੋਂ ਸੱਤੇ ਬਲਵੰਡ ਉਪਰ ਬਹੁੜਿ ਸਤਿਗੁਰੂ ਦੀ ਰਹਿਮਤ ਭਰੀ ਬਖਸ਼ਸ਼ ਹੋਈ ਤਦ ਸੱਤੇ ਬਲਵੰਡ ਦੀ ਕੀਰਤਨ-ਕਲਾ ਸੁਰਜੀਤ ਹੋਈ । ਰਾਗ ਦਾ ਕਮਲਾ ਭੀ ਆ ਸਫੁਰਨ ਹੋਇਆ ।

ਨਿਰੰਕਾਰੀ ਗੁਰੂ ਬਾਬੇ ਦੀ ਅਗੰਮੀ ਸਾਜਨਾ ਦਾ ਰਬਾਬ ਨਿਰੰਕਾਰੀ ਕੀਰਤਨ ਦੇ ਸਰੋਦ-ਤਰਬਾਂ ਨਾਲ ਸੁੱਤੇ ਸੁਰ ਹੋਇਆ ਸ਼ਬਦ-ਤੂੰਗਾਂ ਦੀ ਪਾਰਸ-ਭੂਤੀ ਕਲਾ ਵਾਲਾ ਸਾਜ ਸੀ, ਜਿਸ ਨੂੰ ਪਰਸਿਆਂ ਹੀ ਵਾਹਿਗੁਰੂ ਨਿਰੰਕਾਰ ਦੇ ਇਲਾਹੀ ਨਾਦ ਦੀਆਂ ਕੀਰਤਨ-ਧੁਨੀਆਂ ਸਹਿਜ ਸੁਭਾਵ ਹੀ ਛਿੜ ਪੈਂਦੀਆਂ ਹਨ । ਮਰਦਾਨਾ ਵਿਚਾਰਾ ਥੋਥਾ ਚਣਾ ਹੀ ਸੀ । ਨਾ ਉਹ ਰਾਗ-ਵਿਦਿਆ ਦੀ ਕਿਸੇ ਟਕਸਾਲ ਵਿਚ ਪੜ੍ਹਿਆ ਹੋਇਆ, ਨਾ ਉਸ ਨੂੰ ਮਉਰੂਸੀ ਮੀਰਾਸੀਆਂ ਵਾਲੀ ਹੁਨਰ ਵਰਾਸਤ ਪ੍ਰਾਪਤਿ । ਦਰ-ਹਕੀਕਤ ਮੀਰਾਸੀ ਜਾਤੀ ਅੰਦਰ ਮਰਦਾਨਾ ਜੀ ਤੋਂ ਪਹਿਲਾਂ ਡੰਡਪੁਣੇ ਤੋਂ ਬਿਨਾਂ ਰਾਗ ਮੁਹਾਰਤ ਦਾ ਹੁਨਰ ਹੀ ਮਾਅਦੂਮ (ਗੁੰਮ) ਸੀ । ਰਾਗ ਵਿਰਾਸਤ ਦੇ ਪਹਿਲੇ ਵਿਰਸੇਦਾਰ ਮਰਦਾਨਾ ਜੀ ਹੋਏ । ਕੁਛ ਕਾਲ ਰਾਗ ਵਿਰਾਸਤ ਦੀ ਪੀੜ੍ਹੀ ਮਰਦਾਨਾ ਜੀ ਦੀ ਸੰਤਾਨ ਵਿਖੇ ਚੱਲੀ ਅਤੇ ਖੂਬ ਚੱਲੀ, ਪਰ ਗੁਰੂ ਬਾਬੇ ਦੀ ਚਲਾਈ ਚੱਲੀ । ਸਾਦ-ਮੁਰਾਦਾ ਮਰਦਾਨਾ ਤਾਂ ਹੱਥ ਵਿੱਚ ਰਬਾਬ ਫੜਨ ਭੀ ਨਹੀਂ ਜਾਣਦਾ ਸੀ, ਰਾਗ ਅਲਾਪਣਾਂ ਤਾਂ ਕਿਤੇ ਰਿਹਾ । ਨਿਰੰਕਾਰੀ ਰਬਾਬ ਦੇਖਣ ਸਾਰ ਹੀ ਠਠੰਬਰ ਗਇਆ । ਗੁਰੂ ਬਾਬੇ ਨੇ ਨਦਰ ਮੇਹਰ ਦੀ ਕ੍ਰਿਸ਼ਮ-ਕਉਤਕੀ-ਕਲਾ ਵਰਤਾਈ, ਤਾਂ ਛਿਨ ਮਾਤਰ ਵਿਚਿ ਮੁਘਧ ਅਜਾਣ ਮਰਦਾਨਾ ਇਕ ਜੁਘੜ ਸੁਜਾਣ ਰਾਗ-ਪਰਬੀਨ ਅਗਮ-ਤੂੰਗ-ਸਰੋਦੀ-ਕੀਰਤਨੀਆਂ ਬਣ ਗਇਆ ।

**ਕੀਰਤਨ ਸਭ ਤੋਂ ਸ੍ਰੇਸ਼ਟ ਕਰਮ ਹੈ -**

ਗੁਰਬਾਣੀ ਦਾ ਗਾਵਣਾ, ਅਰਥਾਤ ਹਰਿ-ਕੀਰਤਨ ਕਰਨਾ ਸਦਾ ਹੀ ਸਫਲ ਅਤੇ ਸੁਖਦਾਈ ਹੈ ਯਥਾ ਗੁਰਵਾਕ :

**ਗੁਰਬਾਣੀ ਗਾਵਹ ਭਾਈ ॥**
**ਓਹ ਸਫਲ ਸਦਾ ਸੁਖਦਾਈ....॥**

*(੨॥੧੮॥੮੧) ਸੋਰਠਿ ਮ:੫, ਪੰਨਾ ੬੨੮)*

ਸਤਿਸੰਗ ਸਮਾਗਮ ਵਿਚ **ਹਰਿ-ਕੀਰਤਨ ਅਥਵਾ** ਗੁਰਬਾਣੀ ਰੂਪੀ ਹਰਿ ਗੁਣ ਗਾਉਣ ਦਾ ਲਾਹਾ ਅਪਰ ਅਪਾਰ ਹੈ । ਯਥਾ ਗੁਰਵਾਕ :

**ਸਾਧ ਸੰਗਮਿ ਗੁਣ ਗਾਵਹ ਹਰਿ ਕੇ**
**ਰਤਨ ਜਨਮੁ ਨਹੀ ਹਾਰਿਓ ॥**
**ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ**
**ਕੁਲਹ ਸਮੂਹ ਉਧਾਰਿਓ ॥੧॥**

*(੨॥੪॥੩੦) ਦੇਵ ਗੰਧਾਰੀ ਮ:੫, ਪੰਨਾ ੫੩੪*

**ਤਥਾ -**

**ਹਰਿ ਗੁਣ ਗਾਇ ਪਰਮ ਪਦੁ ਪਾਇਆ**
**ਪ੍ਰਭ ਕੀ ਊਤਮ ਬਾਣੀ ॥**
**ਸਹਜ ਕਥਾ ਪ੍ਰਭ ਕੀ ਅਤਿ ਮੀਠੀ**
**ਕਥੀ ਅਕਥ ਕਹਾਣੀ....੧॥**

*(੪॥੪॥੭) ਸੂਹੀ ਮ:੫ ਛੰਤ, ਪੰਨਾ ੭੮੧*

ਅੱਗੇ ਫੇਰ ਗੁਰਬਾਣੀ ਗਾਵਣ ਦੀ ਪਾਰਸ-ਕਲਾ ਗੁਰ-ਸ਼ਬਦ ਪ੍ਰਮਾਣ ਇਸ ਬਿਧਿ ਨਿਰੂਪਣ ਕਰਾਉਂਦੇ ਹਨ :

**ਦੂਖ ਭੂਖ ਸੰਸਾ ਮਿਟਿਆ**
**ਗਾਵਤ ਪ੍ਰਭ ਨਾਮ ॥**
**ਸਹਜ ਸੂਖ ਆਨੰਦ ਰਸ**
**ਪੂਰਨ ਸਭਿ ਕਾਮ ॥੧॥ਰਹਾਉ॥**

*(੨॥੧੧॥੭੫) ਬਿਲਾਵਲੁ ਮ:੫, ਪੰਨਾ ੮੧੯*

ਹਰਿ-ਕੀਰਤਨ ਗੁਰਬਾਣੀ ਗਾਵਣ ਦੀ ਪਾਰਸ-ਕਲਾ ਦੇ ਅਨੇਕ ਉਦਾਹਰਨ ਗੁਰ ਪ੍ਰਮਾਣ ਗੁਰਬਾਣੀ ਅੰਦਰਿ ਆਉਂਦੇ ਹਨ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਹਰਿ-ਕੀਰਤਨ ਹੀ ਸਿਰ ਕਰਮਨ ਕੇ ਕਰਮਾ ਹੈ ਅਤੇ ਕਲਜੁਗੀ ਜੀਵਾਂ ਦੇ ਉਧਾਰ ਦਾ ਸਹਿਜ ਵਸੀਲਾ ਕੇਵਲ ਹਰਿ-ਕੀਰਤਨ ਹੀ ਹੈ । ਜਿਹਾ ਕਿ -

**ਹਰਿ ਕੀਰਤਿ ਸਾਧ ਸੰਗਤਿ ਹੈ**
**ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ**
**ਜਿਸੁ ਪੁਰਬ ਲਿਖੇ ਕਾ ਲਹਨਾ ॥੮॥**

*(੧॥੩) ਸੋਰਠਿ ਮ:੫ **ਅਸਟ**, ਪੰਨਾ ੬੪੨*

('ਗੁਰਮਤ ਲੇਖ' ਪੁਸਤਕ ਵਿੱਚੋਂ ਧੰਨਵਾਦ ਸਹਿਤ)

# ਮਾਸਟਰ ਨਿਹਾਲ ਸਿੰਘ

**ਇੰਚਾਰਜ ਗੁਰਮਤਿ ਸੰਗੀਤ ਕਲਾਸਾਂ ਚੀਫ ਖਾਲਸਾ ਦੀਵਾਨ ਬੰਬਈ**

ਪ੍ਰੋ. ਕਰਤਾਰ ਸਿੰਘ ਹੁਸ਼ਿਆਰਪੁਰ

**"ਆਪਿ ਜਪਹੁ ਅਵਰਹਿ ਨਾਮ ਜਪਾਵਹੁ ।**

ਧੰਨ ਹਨ ਉਹ ਗੁਰਸਿੱਖ ਜਿਨ੍ਹਾਂ ਨੇ"ਕੀਰਤਨ ਨਿਰਮੋਲਕ ਹੀਰਾ" ਦੀ ਦਾਤ ਪ੍ਰਾਪਤ ਕੀਤੀ, ਅਪਣਾਈ ਤੇ ਗੁਰਸਿੱਖਾਂ ਵਿੱਚ ਖੁੱਲ੍ਹੇ ਦਿਲ ਨਾਲ ਵੰਡੀ ।

ਮਾਸਟਰ ਜੀ ਇੱਕ ਨਿਰੇ ਨਿਰਮਾਣ ਤੇ ਨਿਸ਼ਕਾਮ ਸੇਵਕ ਹੀ ਨਹੀਂ ਸਨ ਬਲਕਿ ਆਪ ਬੜੇ ਅਣਥੱਕ ਵੀ ਸਨ । ਆਪ ਜੀ ਦੀ ਉਸ ਸਮੇਂ 75 ਸਾਲ ਦੇ ਕਰੀਬ ਅਵਸਥਾ ਸੀ ਅਤੇ ਇਸ ਅਵਸਥਾ ਵਿਚ ਵੀ ਆਪ ਨੇ ਬੰਬਈ ਤੋਂ ਇਲਾਵਾਂ ਪੰਜਾਬ ਤੇ ਹੋਰ ਪ੍ਰਾਂਤਾਂ ਵਿੱਚ ਵੀ ਜਾ ਕੇ ਇਹ ਸੇਵਾ ਕੀਤੀ । ਮੈਨੂੰ ਇਹ ਵੀ ਪਤਾ ਲੱਗਾ ਕਿ ਆਪ ਨੇ ਭਾਰਤ ਤੋਂ ਬਾਹਰ ਜਾ ਕੇ ਵੀ ਇਹ ਸੇਵਾ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆ ।

ਮਾਸਟਰ ਜੀ ਨੇ ਸ਼ਾਇਦ ਸਭ ਤੋਂ ਪਹਿਲਾਂ ਗੁਰਮਤਿ ਸੰਗੀਤ ਦੀਆਂ ਕਲਾਸਾਂ 'ਚੀਫ ਖਾਲਸਾ ਦੀਵਾਨ' ਬੰਬਈ ਬ੍ਰਾਂਚ ਰਾਹੀਂ ਚਾਲੂ ਕੀਤੀਆ । ਉਹ ਦੱਸਦੇ ਸਨ ਕਿ ਇਹ ਕਲਾਸਾਂ ਚਾਲੂ ਕਰਨ ਨਾਲ ਸੰਗਤਾਂ ਵਿਚ ਏਨਾ ਉਤਸ਼ਾਹ ਹੋਇਆ ਕਿ ਬੰਬਈ ਵਿੱਚ ਗੁਰਮਤਿ ਕਲਾਸਾਂ ਦੇ 16 ਸੈਂਟਰ ਖੁੱਲੇ । ਸੰਗਤਾਂ ਵੱਲੋਂ ਜਿਹੜਾ ਵਿਦਿਆਰਥੀ ਕੀਰਤਨ ਤੇ ਆਸਾ ਦੀ ਵਾਰਾਂ ਦੇ ਛੇ ਛੰਦ ਦੇ ਕੀਰਤਨ ਸਿਖਦਾ ਉਸਨੂੰ ਇਕ ਹਰਮੋਨੀਅਮ ਵਾਜਾ ਭੇਟਾ ਕੀਤਾ ਜਾਂਦਾ ।

### ਪੰਜਾਬ ਦੀ ਫੇਰੀ

(1) 1 ਅਪਰੈਲ, 1974 ਤੋਂ ਜੂਨ 1974 ਤੱਕ ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ ਵਿੱਚ 50 ਦੇ ਕਰੀਬ ਵਿਦਿਆਰਥੀਆਂ ਨੂੰ ਕੀਰਤਨ ਸਿਖਲਾਇਆ । ਜਿਸ ਦੇ ਸਿੱਟੇ ਵਜੋਂ ਅੱਜ ਦੋ ਤਿੰਨ ਜਾਂ ਵੱਧ ਬੀਬੀਆਂ ਦੇ ਕੀਰਤਨ ਜੱਥੇ ਸ਼ਹਿਰ ਦੇ ਗੁਰਦੁਆਰਿਆਂ ਵਿੱਚ ਕੀਰਤਨ ਕਰ ਰਹੇ ਹਨ ।

(2) ਸ: ਮਹਿਤਾਬ ਸਿੰਘ ਜੀ ਪ੍ਰਧਾਨ ਚੀਫ ਖਾਲਸਾ ਦੀਵਾਨ ਦੀ ਲੋਕਲ ਕਮੇਟੀ ਦਿੱਲੀ ਦੀ ਪ੍ਰੇਰਨਾ ਦੇ ਉਦਮ ਨਾਲ ਮਾਸਟਰ ਜੀ ਨੇ ਗੁਰੂ ਨਾਨਕ ਸੈਨਟਰੀ ਸਕੂਲ, Vincint ਮਸੂਰੀ ਜਿੱਥੇ ਕਿ ਕਾਨਵੈਂਟ ਸਿਸਟਮ ਦੁਆਰਾ ਪੜ੍ਹਾਈ ਹੁੰਦੀ ਹੈ ਉਥੇ ਵੀ ਜੁਲਾਈ ਤੇ ਸਤੰਬਰ 1974 ਵਿੱਚ ਜਾ ਕੇ ਕੀਰਤਨ ਦੀ ਸੇਵਾ ਕੀਤੀ ।

(3) ਚੰਡੀਗੜ ਵਿਖੇ ਦਸੰਬਰ 1974 ਤੋਂ ਫਰਵਰੀ 1975 ਤੱਕ ਆਪ ਜੀ ਨੇ ਗੁਰਦੁਆਰਾ ਪਾਤਸ਼ਾਹੀ ਦਸਵੀਂ, ਸੈਕਟਰ 8, ਚੰਡੀਗੜ੍ਹ ਵਿਖੇ ਇਹ ਸੇਵਾ ਨਿਭਾਈ । ਚੰਡੀਗੜ੍ਹ ਵਿੱਚ ਜੋ ਕੀਰਤਨ ਦੀ ਸੇਵਾ ਹੋਈ, ਉਸਦੀ ਖਾਸ ਵਿਸ਼ੇਸ਼ਤਾ ਇਹ ਸੀ ਕਿ ਇਥੇ ਨਿਰੇ ਬੀਬੀਆਂ ਤੇ ਬੱਚੇ ਸ਼ਾਮਿਲ ਨਹੀਂ ਹੋਏ ਬਲਕਿ ਸ਼ਹਿਰ ਦੇ ਬੜੇ ਪਤਵੰਤੇ, ਸੱਜਣ, ਰਿਟਾਇਰਡ ਅਫਸਰ ਆਪਣੇ ਪਰਿਵਾਰਾਂ ਸਹਿਤ ਸ਼ਾਮਿਲ ਹੋਏ ਤੇ ਗੁਰਮਤਿ ਵਿੱਦਿਆ ਤੇ ਕੀਰਤਨ ਸਿਖਲਾਈ ਦਾ ਬੜਾ ਪ੍ਰਚਾਰ ਹੋਇਆ । ਇਸੇ ਤਰ੍ਹਾਂ ਗੁਰਦੁਆਰਾ ਸ਼ਹੀਦਾਂ, ਮਾਡਲ ਟਾਊਨ, ਲੁਧਿਆਣਾ ਵਿੱਚ ਇਹ ਕਲਾਸਾਂ ਜਾਰੀ ਕੀਤੀਆਂ ਜਿੱਥੇ 70 ਵਿਦਿਆਰਥੀ ਮਾਈ, ਭਾਈ ਸਭ ਸ਼ਾਮਿਲ ਸਨ । ਜੇ ਅਸਲ ਦੇਖਿਆ ਜਾਏ ਇਹਨਾਂ ਕਲਾਸਾਂ ਦੇ ਸਦਕੇ ਅੱਜ ਲੁਧਿਆਣੇ ਸ਼ਹਿਰ ਵਿੱਚ ਇਹ ਕੀਰਤਨ ਸਿਖਲਾਈ ਤੇ ਕੀਰਤਨ ਦਰਬਾਰਾਂ ਦਾ ਉਤਸ਼ਾਹ ਪੈਦਾ ਹੋਇਆ । ਇਹ ਕਲਾਸਾਂ ਵੀ ਉਥੇ ਕੋਈ 4 ਮਹੀਨੇ ਚਾਲੂ ਰਹੀਆਂ ।

ਮਾਸਟਰ ਜੀ ਬਿਰਧ ਅਵਸਥਾ ਕਰਕੇ ਕੁਝ ਸਮੇਂ ਲਈ ਬੰਬਈ ਚਲੇ ਗਏ । ਪ੍ਰੰਤੂ ਉਹਨਾਂ ਨੇ ਜੋ ਬਖਸ਼ਿਸ਼ ਸਾਹਿਬ ਗੁਰੂ ਅਰਜਨ ਦੇਵ ਮਹਾਰਾਜ ਪਾਸੋਂ ਗੁਰਮਤਿ ਸਿਖਲਾਈ ਪ੍ਰਾਪਤ ਕੀਤੀ, ਉਸ ਪਾਰਜਾਤ ਬ੍ਰਿਖ ਦੀ ਮਹਿਕ ਕਈ ਸ਼ਹਿਰਾਂ ਵਿੱਚ ਫੈਲੀ ਤੇ ਕਈ ਜਗ੍ਹਾਂ ਤੋਂ ਇਹ ਕਲਾਸਾਂ ਚਾਲੂ ਕਰਨ ਲਈ ਮੰਗਾਂ ਆਉਂਦੀਆਂ ਰਹੀਆਂ । 1977-78 ਮਾਸਟਰ ਜੀ ਦੀ ਇਸ ਸੇਵਾ ਦਾ ਇਹ ਸਿੱਟਾ ਸੀ ਕਿ ਇਹ ਕਲਾਸਾਂ ਗੁਰਦੁਆਰਾ ਨਾਨਕ ਮਿਸ਼ਨ ਹਸਪਤਾਲ, ਜਲੰਧਰ

ਸ਼ਹਿਰ ਵਿੱਚ ਕੋਈ ਡੇਢ ਸਾਲ ਦੇ ਕਰੀਬ ਜਾਰੀ ਰਹੀਆਂ ਜਿਸ ਵਿੱਚ ਦੋ ਢਾਈ ਸੋ ਵਿਦਿਆਰਥੀ ਸ਼ਾਮਿਲ ਹੋਏ ।

ਮਾਸਟਰ ਜੀ ਆਸਾ ਦੀ ਵਾਰ ਦੇ ਕੀਰਤਨ ਸਮੇਂ ਗੁਰਬਾਣੀ ਦੀ ਵਿਆਖਿਆ ਤੇ ਅਰਥ ਵੀ ਕਰਦੇ ਸਨ । ਉਹਨਾਂ ਤੋਂ ਸਿਖਲਾਈ ਹੀ ਕਾਫੀ ਨਹੀਂ ਪ੍ਰੰਤੂ ਗੁਰਸਿੱਖੀ ਤੇ ਅਮਲ ਗੁਰਮਤਿ ਦੇ ਟੀਚੇ ਦਾ ਵੀ ਧਿਆਨ ਰੱਖਣ ਦੀ ਲੋੜ ਹੈ ।

## ਮਾਸਟਰ ਜੀ ਦੇਣ :

ਉਪਰ ਲਿਖੇ ਸੰਖੇਪ ਕੀਰਤਨ ਸਿਖਲਾਈ ਦੀਆਂ ਫੇਰੀਆਂ ਰਾਹੀਂ ਜੋ ਨਿਸ਼ਕਾਮ, ਨਿਰਮਾਣ ਤੇ ਅਣਥੱਕ ਸੇਵਾ ਮਾਸਟਰ ਜੀ ਨੇ ਕੀਤੀ ਹੈ ਉਹ ਧੰਤਾ ਯੋਗ ਹੈ । ਇਸ ਸੇਵਾ ਦਾ ਫਲ ਕਰਨਾ ਮਾਸਟਰ ਜੀ ਦੀ ਆਤਮਾ ਨੂੰ ਮੇਰਾ ਸਤਿਗੁਰੂ ਹੀ ਦੇ ਸਕਦਾ ਹੈ । ਉਹਨਾਂ ਦੇ ਕੀਰਤਨ ਵਿੱਚ ਕੁਝ ਖਾਸ ਵਿਸ਼ੇਸ਼ਤਾਵਾਂ ਤੇ ਵਿਲੱਖਣਤਾਵਾਂ ਸਨ :

(1) ਉਹਨਾਂ ਦੇ ਕੀਰਤਨ ਸਿਖਲਾਈ ਦਾ ਢੰਗ ਬੜਾ ਨਿਰਾਲਾ ਤੇ ਸਖਾਲਾ ਸੀ । ਆਮ ਦੇਖਣ ਵਿੱਚ ਆਇਆ ਹੈ ਕੀਰਤਨ ਦੀ ਸਿਖਲਾਈ ਵਿਅਕਤੀਗਤ ਹੁੰਦੀ ਹੈ । ਮਾਸਟਰ ਜੀ ਦਾ ਢੰਗ ਕਲਾਸ ਜਾਂ Mass ਟੀਚਿੰਗ ਸੀ ਜਿਸ ਤਰ੍ਹਾਂ ਕਿ ਵਰਖਾ ਵੇਲੇ ਕਈ ਪ੍ਰਾਣੀਆਂ ਨੂੰ ਲਾਭ ਪਹੁੰਚਦਾ ਹੈ । ਜਲੰਧਰ ਗੁਰਦੁਆਰਾ ਨਾਨਕ ਮਿਸ਼ਨ ਵੇਲੇ 130 ਦੇ ਕਰੀਬ ਵਿਦਿਆਰਥੀ ਸਨ ਜਿਨ੍ਹਾਂ ਦੇ ਦੋ ਗਰੁੱਪ ਬਣਾਏ ਗਏ ਤੇ ਸਾਰੀਆਂ ਹਿਦਾਇਤਾਂ ਲਾਊਡ ਸਪੀਕਰ ਤੇ ਦਿੱਤੀਆਂ ਤੇ ਇਸ ਵਿੱਚ ਪੁਰਾਣੇ ਵਿਦਿਆਰਥੀਆਂ ਨੇ ਸਹਾਇਕ ਦੀ ਸੇਵਾ ਕੀਤੀ ।

(2) ਕੀਰਤਨ ਦੇ ਢੰਗ ਵਿੱਚ ਸੁਖੈਨਤਾ ਵੀ ਸੀ । ਛੇ ਸਾਲ ਤੋਂ 60 ਸਾਲ ਦੇ ਵਿਦਿਆਰਥੀ ਸ਼ਾਮਿਲ ਸਨ ਜਿਨ੍ਹਾਂ ਨੂੰ ਬੜੇ ਸੁਚੱਜੇ ਢੰਗ ਨਾਲ ਵਾਜੇ ਦੀਆਂ ਸੁਰਾਂ ਤੇ ਠੀਕ ਉਂਗਲਾਂ ਰੱਖਣ ਦਾ ਪਹਿਲਾਂ ਅਭਿਆਸ ਕਰਵਾਉਂਦੇ ਸਨ ਜਿਸ ਨਾਲ ਬੱਚਿਆਂ ਨੂੰ ਰਾਗਾਂ ਦੀ ਸਿਖਲਾਈ ਵੇਲੇ ਉਂਗਲੀਆਂ ਰੁਕਦੀਆਂ ਨਹੀਂ ਸਨ ।

(3) ਇਹ ਮਾਸਟਰ ਜੀ ਦਾ ਪੱਕਾ ਨਿਸ਼ਚਾ ਸੀ ਕਿ ਜਿਸ ਰਾਗ ਵਿੱਚ ਗੁਰੂ ਮਹਾਰਾਜ ਨੇ ਜੋ ਸ਼ਬਦ ਲਿਖਿਆ ਉਸੇ ਵਿੱਚ ਹੀ ਗਾਇਣ ਕੀਤਾ ਜਾਏ । ਹੁਣ ਇਹ ਮਰਿਯਾਦਾ ਸ੍ਰੀ ਮਾਨ ਸੰਤ ਸੁੱਚਾ ਸਿੰਘ ਜੀ ਲੁਧਿਆਣੇ ਵਾਲਿਆਂ ਨੇ 2 ਅਕਤੂਬਰ 1991 ਵਿੱਚ ਕੀਰਤਨ ਦਰਬਾਰ ਕੀਤਾ ਸੀ, ਇਸੇ ਵਿਚਾਰ ਦੀ ਪ੍ਰੋੜ੍ਹਤਾ ਤੋਂ ਪਕਿਆਈ ਕਰ ਦਿੱਤੀ ਹੈ ।

(4) ਭਾਈ ਸਾਹਿਬ ਵੀਰ ਸਿੰਘ ਜੀ ਨੇ ਵੀ ਇਸ ਵਿਸ਼ੇ ਉਤੇ ਆਪਣੇ ਵਿਚਾਰ ਨੂਰਸ਼ਾਹ ਢਾਕੇ ਵਾਲੇ ਦੀ ਸਾਖੀ ਵਿੱਚ ਦਰਸਾਇਆ ਹੈ ਕਿ ਜਿਸ ਤਰ੍ਹਾਂ ਵਿੱਚ ਮਹਾਰਾਜ ਨੇ ਸ਼ਬਦ ਉਚਾਰਣ ਕੀਤਾ ਉਸੇ ਰਾਗ ਵਿੱਚ ਗਾਇਣ ਕੀਤਾ ਜਾਵੇ ।

## (5) ਮਾਸਟਰ ਜੀ ਦੀਆਂ ਲਿਖਤਾਂ :

ਇੱਕ ਬੜਾ ਉੱਤਮ ਉਦਮ ਮਾਸਟਰ ਜੀ ਨੇ ਗੁਰਮਤਿ ਕੀਰਤਨ ਦੀਆਂ ਪੁਸਤਕਾਂ ਲਿਖਣ ਤੇ ਕੀਤਾ । ਸੰਗੀਤ ਬਾਲਬੋਧ ਤੋਂ ਲੈ ਕੇ ਤੇ ਵੱਡੇ-ਵੱਡੇ ਰਾਗਾਂ ਦੀਆਂ ਸਰਗਮਾਂ ਤੇ ਕੀਰਤਨ ਕਰਨ ਦੇ ਢੰਗ ਲਿਖੇ । ਦੂਜਾ ਆਪਣੀ ਪੁਸਤਕ ਵਿੱਚ ਗੁਰੂ ਗ੍ਰੰਥ ਸਾਹਿਬ ਦੇ 33 ਰਾਗਾਂ ਦੇ ਗਾਇਣ ਦੀਆਂ ਸਰਗਮਾਂ ਤੇ ਉਹਨਾਂ ਰਾਗਾਂ ਦੇ ਸ਼ਬਦ ਵੀ ਦਰਜ ਕੀਤੇ । ਤੀਜਾ ਉਹਨਾਂ ਰਾਗਾਂ ਦੇ ਗਾਇਣ ਕਰਨ ਦੇ ਇਹਨਾਂ ਪੁਸਤਕਾਂ ਵਿੱਚ ਸਮੇਂ ਵੀ ਦਿੱਤੇ । ਚੌਥਾ ਰਾਗਾਂ ਦੇ ਨਾਲ ਤਾਲ ਵੀ ਦਰਜ ਕੀਤੇ । ਛੇਵਾਂ ਸਭ ਤੋਂ ਉਤਮ ਸੇਵਾ ਉਹਨਾਂ ਨੇ ਇਹਨਾਂ ਪੁਸਤਕਾਂ ਨੂੰ ਮੁਫਤ ਵੰਡਣ ਕਰਨ ਦੀ ਕੀਤੀ ਹੈ । ਉਹਨਾਂ ਦੀ ਇੱਛਾ ਸੀ (ਕਿਤਾਬ ਦੀ ਭੇਟਾ) ਸ਼ਰਧਾ ਭੇਟਾ ਇੱਛਾ ਮੁਜ਼ਬ ਅਤੇ ਜ਼ੁਬਾਨੀ ਇਹ ਕਿਹਾ ਸੀ ਕਿ ਜੋ ਰਕਮ ਕਿਸੇ ਸੱਜਣ ਪਾਸੋਂ ਭੇਟਾ ਆਵੇ ਉਹ ਬਿਰਧ ਘਰ ਚੀਫ ਖਾਲਸਾ ਦੀਵਾਨ ਤਰਨਤਾਰਨ ਨੂੰ ਭੇਜੀ ਜਾਵੇ ।

ਕੀਰਤਨ ਦੀ ਪੁਸਤਕ ਲਿਖਣ ਤੋਂ ਇਲਾਵਾ, ਪੁਸਤਕ ਦੀ Proof Reading ਬਹੁਤ ਹੀ ਮੁਸ਼ਕਿਲ ਹੈ, ਜੋ ਹਰ ਇੱਕ ਪ੍ਰਾਣੀ, ਜਿਸਨੂੰ ਕੀਰਤਨ ਦਾ ਅਭਿਆਸ ਨਾ ਹੋਵੇ, ਨਹੀਂ ਕਰ ਸਕਦਾ । ਮਾਸਟਰ ਜੀ ਨੇ ਗੁਰੂ ਪੰਥ ਦੀ ਇਹ ਮਹਾਨ ਸੇਵਾ ਕੀਤੀ ਜਿਸਦਾ ਫਲ ਹਰ ਇੱਕ ਪ੍ਰਾਣੀ ਆਪਣੇ ਕੀਰਤਨ ਕਲਾਸਾਂ ਰਾਹੀਂ ਦੇਖ ਰਿਹਾ ਹੈ ।

"ਧੰਨ ਸਤਿਗੁਰੂ ਤੇ ਧੰਨ ਗੁਰਸਿੱਖ
ਸਭ ਆਖਹੁ ਧੰਨ ਧੰਨ ਧੰਨ ਗੁਰਸੋਈ"

# ਗੁਰੂ ਗ੍ਰੰਥ ਸਾਹਿਬ ਦਾ ਛੰਦ ਵਿਸ਼ਲੇਸ਼ਣ

**ਲੇਖਕ : ਡਾ. ਰਮਿੰਦਰ ਸਿੰਘ**

**(ਇਸ ਪੁਸਤਕ ਬਾਰੇ ਵਿਚਾਰ)**

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਗਮ ਤੇ ਅਥਾਹ ਹੈ। ਇਸ ਬਾਣੀ ਦਾ ਸਰੋਕਾਰ ਏਨੇ ਵਿਸ਼ਿਆਂ ਨਾਲ ਹੈ ਜਿਨ੍ਹਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ। ਇਕ ਸੌ ਤੋਂ ਉਪਰ ਵਿਦਵਾਨ ਸੋਧ ਦੀ ਡਿਗਰੀ ਹਾਸਲ ਕਰਨ ਲਈ ਇਨ੍ਹਾਂ ਵਿਸ਼ਿਆਂ ਉਪਰ ਸੋਧ-ਕਾਰਜ ਕਰ ਚੁੱਕੇ ਹੋਣਗੇ। ਅਜੇ ਸੈਂਕੜੇ ਹੋਰ ਕੰਮ ਕਰ ਸਕਦੇ ਹਨ। ਧਰਮ, ਦਰਸ਼ਨ, ਰਹੱਸਵਾਦ, ਅਧਿਆਤਮਵਾਦ, ਇਤਿਹਾਸ, ਸਮਾਜ-ਸ਼ਾਸਤਰ, ਬ੍ਰਹਿਮੰਡ-ਗਿਆਨ ਆਦਿ ਨੂੰ ਵੀ ਛੱਡ ਕੇ ਜੇ ਇਸ ਦੇ ਸਾਹਿਤਕ ਪੱਖਾਂ ਬਾਰੇ ਹੀ ਖੋਜ ਕੀਤੀ ਜਾਵੇ ਤਾਂ ਵੀ ਢੇਰ ਸਾਰੇ ਵਿਸ਼ੇ ਸਾਹਮਣੇ ਆਉਂਦੇ ਹਨ। ਕਾਵਿ-ਸ਼ਾਸਤਰ ਦੇ ਅੰਤਰਗਤ ਛੰਦ-ਵਿਧਾਨ ਇਕ ਅਜਿਹਾ ਵਿਸ਼ਾ ਹੈ ਜੋ ਸਹਿਜੇ ਹੀ ਕਿੱਸੇ ਵਿਦਵਾਨ ਪਾਸੋਂ ਸਾਲਾਂ ਦੀ ਮਿਹਨਤ ਦੀ ਮੰਗ ਕਰਦਾ ਹੈ।

ਕਰੀਬ ਸਾਰੀ ਬਾਣੀ ਦੇ ਰਾਗ-ਬਧ ਹੋਣ ਕਾਰਨ ਇਸ ਇਲਾਹੀ ਬਾਣੀ ਦਾ ਛੰਦ-ਵਿਧਾਨ ਇਕ ਬੜਾ ਮਹੱਤਵਪੂਰਨ ਅਤੇ ਸਤਿਕਾਰਯੋਗ ਵਿਸ਼ਾ ਹੈ। ਪਰ ਖੇਦ ਦੀ ਗੱਲ ਹੈ ਕਿ ਵਿਦਵਾਨਾਂ ਨੇ ਖੋਜ ਦੇ ਉਸ ਪੱਖ ਨੂੰ ਬਹੁਤ ਹੱਦ ਤਕ ਨਜ਼ਰ-ਅੰਦਾਜ਼ ਕਰ ਰੱਖਿਆ ਹੈ, ਹਾਲਾਂਕਿ ਗਾਈ ਜਾਣ ਵਾਲੀ ਬਾਣੀ ਦਾ ਪ੍ਰਮੁਖ ਆਧਾਰ ਇਸ ਦਾ ਛੰਦ-ਪ੍ਰਬੰਧ ਹੁੰਦਾ ਹੈ। ਜਦ ਕਿ ਮਹਾਨ ਬਾਣੀਕਾਰਾਂ ਨੇ ਇਸ ਬਾਣੀ ਦੇ ਸਿਰਲੇਖਾਂ ਵਿਚ ਕਈ ਥਾਈਂ ਛੰਦ-ਰੂਪਾਂ ਦੇ ਨਾਂ ਵੀ ਲਏ ਹਨ (ਜਿਵੇਂ ਦੋਹਰਾ, ਸੋਰਠਾ, ਸਵੈਯਾ, ਝੋਲਨਾ ਆਦਿ) ਤਦ ਵੀ ਵਧੇਰੇ ਵਿਦਵਾਨ ਏਧਰ ਰੁਚਿਤ ਨਹੀਂ ਹੋਏ। ਕਾਰਨ ਸਪਸ਼ਟ ਹੈ ਕਿ ਇਸ ਪ੍ਰਕਾਰ ਦੀ ਗਹਿਨ ਖੋਜ ਲਈ ਬਹੁਤ ਮੁਢਲੀ ਮਿਹਨਤ ਦਰਕਾਰ ਹੁੰਦੀ ਹੈ। ਹਥਲੀ ਪੁਸਤਕ ਦਾ ਲੇਖਕ ਜੋ ਆਪ ਵੀ ਗੁਰਬਾਣੀ ਦਾ ਗਹਿਨ-ਗਿਆਤਾ ਹੈ ਸ਼ਾਇਦ 'ਗਣਿਤ' ਦੇ ਵਿਸ਼ੇ ਦੀ ਡਾਕਟ੍ਰੇਟ ਕਰਨ ਸਦਕਾ ਵੀ ਇਸ ਖੁਸ਼ਕ ਅਤੇ ਗਿਣਤੀ-ਮਿਣਤੀ ਵਾਲੀ ਅਲੂਣੀ ਸਿਲ ਚੱਟਣ ਵੱਲ ਰੁਚਿਤ ਹੋਇਆ ਹੋਵੇ।

ਛੰਦ-ਸ਼ਾਸਤਰ ਆਪਣੇ ਆਪ ਵਿਚ ਇਕ ਵੱਖਰਾ ਸੰਪੂਰਨ ਵਿਸ਼ਾ ਹੈ। ਇਸ ਦੀ ਪੜ੍ਹਾਈ ਅੱਜ ਕੱਲ੍ਹ ਦੇ ਵਿਦਿਆਲਿਆਂ ਵਿਚ ਨਾ ਹੋਣ ਦੇ ਬਰਾਬਰ ਹੈ। ਸਾਡੇ ਬਹੁਤੇ ਵਿਦਵਾਨ ਜੋ ਸਾਰੀ ਉਮਰ ਇਨ੍ਹਾਂ ਵਿਦਿਆਲਿਆਂ ਅਤੇ ਵਿਸ਼ਵ-ਵਿਦਿਆਲਿਆਂ ਵਿਚ ਪਠਨ-ਪਾਠਨ ਨਾਲ ਸਬੰਧਿਤ ਰਹੇ ਹੁੰਦੇ ਹਨ, ਇਸ ਵਿਸ਼ੇ ਵੱਲ ਘੱਟ ਹੀ ਧਿਆਨ ਦਿੰਦੇ ਹਨ। ਕੋਈ ਭੁੱਲਾ-ਚੁੱਕਾ ਏਧਰ ਆਵੇ ਵੀ ਤਾਂ ਲੋੜੀਂਦੀ ਲਗਨ ਅਤੇ ਸਿਰੜ ਦੀ ਘਾਟ ਕਾਰਨ ਇਸ ਵਿਸ਼ੇ ਨਾਲ ਇਨਸਾਫ ਨਹੀਂ ਕਰਦਾ, ਜਿਵੇਂ ਕਿ ਲੇਖਕ ਨੇ ਵੀ ਉਦਾਹਰਣਾਂ ਸਹਿਤ ਪ੍ਰਮਾਣਿਤ ਕੀਤਾ ਹੈ। ਕਬੀਰ ਬਾਣੀ ਦੇ ਛੰਦ-ਰੂਪਾਂ ਬਾਰੇ ਖੋਜ ਕਰਨ ਵਾਲੇ ਵਿਦਵਾਨਾਂ ਸਬੰਧੀ ਲੇਖਕ ਠੀਕ ਹੀ ਕਹਿੰਦਾ ਹੈ ਕਿ ਜਿਵੇਂ "ਇਹ ਵਿਦਵਾਨ ਦੋ ਵਰਗਾਂ ਵਿਚ ਵੰਡੇ ਜਾ ਸਕਦੇ ਹਨ ... ਇਕ ਵਰਗ ਦੀ ਮਾਨਤਾ ਹੈ ਕਿ ਕਬੀਰ-ਬਾਣੀ ਵਿਚ ਛੰਦ-ਰੂਪਾਂ ਦੀ ਵਰਤੋਂ ਉਕੀ ਹੀ ਨਹੀਂ ਕੀਤੀ ਗਈ ਅਤੇ ਦੂਜੇ ਵਰਗ ਦਾ ਕਹਿਣਾ ਹੈ ਕਿ ਇਸ ਬਾਣੀ ਵਿਚ ਛੰਦ-ਰੂਪਾਂ ਦੀ ਵਰਤੋਂ ਹੋਈ ਵੀ ਹੈ ਤੇ ਨਹੀਂ ਵੀ ਹੋਈ। ... ਇਸ ਨੀਤੀ ਵਿਚ ਚਿੱਤ ਵੀ ਸਾਡੀ ਤੇ ਪੱਟ ਵੀ ਸੁਨਿਸਚਿਤ ਹੈ। ਜੇ ਕਿਤੇ ਇਸ ਸਿੱਧ ਹੋ ਜਾਏ ਕਿ ਬਾਣੀ ਵਿਚ ਛੰਦਾਂ ਦੀ ਵਰਤੋਂ ਹੋਈ ਹੈ ਤਾਂ ਸਾਡੇ ਵਿਦਵਾਨ ਜਿੱਤ ਗਏ। ਜੇ ਕਿਸੇ ਨੇ ਇਹ ਪਤਾ ਲਾ ਲਿਆ ਕਿ ਬਾਣੀ ਵਿਚ ਛੰਦਾਂ ਦੀ ਵਰਤੋਂ ਨਹੀਂ ਹੋਈ ਹੈ ਤਾਂ ਵਿਦਵਾਨਾਂ ਨੇ ਤਾਂ ਪਹਿਲਾਂ ਹੀ ਸਾਨੂੰ ਇਸ ਬਾਰੇ ਸੂਚਿਤ ਕੀਤਾ ਹੋਇਆ ਹੈ ... ਸਾਡਾ ਵਿਚਾਰ ਹੈ ਕਿ ਇਹ ਸਭ ਵਿਦਵਾਨ ਛੰਦ-ਸ਼ਾਸਤਰ-ਗਿਆਨ ਵਿਹੂਣੇ ਹਨ। ਇਸੇ ਕਰਕੇ ਗੁਰਬਾਣੀ ਦੇ ਛੰਦ-ਪ੍ਰਬੰਧ ਨੂੰ ਸਮਝ ਨਹੀਂ ਸਕੇ।" (ਭੂਮਿਕਾ, ਪੰਨਾ 11)

ਪੁਸਤਕ ਦਾ ਖੋਜੀ-ਲੇਖਕ ਇਹ ਸਿੱਧ ਵੀ ਕਰਦਾ ਹੈ ਕਿ ਕਿਵੇਂ ਸਾਡੇ ਉਚ-ਕੋਟੀ ਦੇ ਛੰਦ-ਅਚਾਰੀਆ ਅਤੇ ਭਾਸ਼ਾ ਵਿਗਿਆਨੀ ਕਹਾਉਣ ਵਲੇ ਵਿਦਵਾਨਾਂ ਵਿਚੋਂ ਕਈ ਤਾਂ 'ਵਰਣਿਕ' ਅਤੇ 'ਮਾਤ੍ਰਿਕ' ਛੰਦਾਂ ਦਾ ਸਹੀ ਭੇਦ ਵੀ ਨਹੀਂ ਸਮਝਦੇ ਅਤੇ ਆਪਣੀ ਅਗਿਆਨਤਾ ਦੇ ਕਾਰਨ ਉਹ ਪਾਠਕਾਂ ਨੂੰ ਹੋਰ ਵੀ ਭੰਬਰ-ਭੂਸੇ ਵਿਚ ਪਾ ਦਿੰਦੇ ਹਨ।

ਇਨ੍ਹਾਂ ਵਿਦਵਾਨਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਇਨ੍ਹਾਂ ਛੰਦ-ਅਚਾਰੀਆਂ ਅਤੇ ਭਾਸ਼ਾ ਵਿਗਿਆਨੀਆਂ ਨਾਲੋਂ ਬਾਣੀਕਾਰ ਆਪ ਉਚੇਰੀ ਕੋਟੀ ਦੇ ਗਿਆਨ-ਪੁੰਜ ਸਨ। ਇਸ ਧਾਰਨਾ ਦੀ ਪੁਸ਼ਟੀ ਲਈ ਲੇਖਕ ਨੇ ਗ੍ਰੰਥ ਸਾਹਿਬ ਵਿਚੋਂ ਕੁਝ ਅਜਿਹੀਆਂ ਚੋਣਵੀਆਂ ਬਾਣੀਆਂ ਦੀ ਛੰਦਬੰਦੀ ਦਾ ਛੰਦ-ਸ਼ਾਸਤਰ ਦੇ ਨੇਮਾਂ ,ਅਤੇ ਵਿਕਲਪਾਂ ਅਨੁਸਾਰ ਵਿਸ਼ਲੇਸ਼ਣ ਪੇਸ਼ ਕੀਤਾ ਹੈ ਜਿਨ੍ਹਾਂ ਬਾਰੇ ਸਾਡੇ ਵਿਦਵਾਨਾਂ ਦਾ ਮੱਤ ਸੀ ਕਿ ਇਨ੍ਹਾਂ ਵਿਚ ਨੇਮ-ਬੱਧ ਛੰਦਾਂ ਦੀ ਵਰਤੋਂ ਹੀ ਨਹੀਂ ਹੋਈ।

ਇਸ ਪੁਸਤਕ ਦੇ ਵਿਦਵਾਨ ਲੇਖਕ ਨੂੰ ਗੁਰਬਾਣੀ ਦੇ ਛੰਦ-ਵਿਸ਼ਲੇਸਨ ਲਈ ਇਨ੍ਹਾਂ ਨਿਰਧਾਰਤ ਨੇਮਾਂ ਦੀ ਵਰਤੋਂ ਕਰਦੇ ਹੋਏ ਅਤੇ ਬਾਣੀ ਦੇ 'ਪੀਉ ਦਾਦੇ ਦੇ ਖਜ਼ਾਨੇ' ਦਾ ਕੁਫਲ ਖੋਲ੍ਹਣ ਦੇ ਯਤਨ ਸਮੇਂ ਇੱਥੇ ਵੰਨ-ਸੁਵੰਨੇ ਛੰਦ-ਰੂਪਾਂ ਦੇ ਦਰਸ਼ਨ ਹੋਣ ਨਾਲ ਇਹ ਪਤਾ ਲੱਗਾ ਕਿ ਗੁਰਬਾਣੀ ਵਿਚ ਅਜਿਹੇ ਛੰਦ ਵੀ ਵਰਤੇ ਮਿਲਦੇ ਹਨ ਜਿਨ੍ਹਾਂ ਦਾ ਉਲੇਖ ਭਾਈ ਕਾਹਨ ਸਿੰਘ ਦੇ 'ਗੁਰ ਛੰਦ ਦਿਵਾਕਰ', ਹਿੰਦੀ ਦੇ ਛੰਦ ਗ੍ਰੰਥਾਂ ਅਤੇ 'ਪ੍ਰਾਕਿਰਤ ਪੈਂਗਲਮਾ' ਵਿਚ ਵੀ ਨਹੀਂ ਮਿਲਦਾ। ਅਜਿਹੇ ਛੰਦਾਂ ਨੂੰ ਬਾਣੀਕਾਰਾਂ ਦਵਾਰਾ ਰਚੇ ਨਵੇਂ ਰਚਿਤ ਛੰਦ ਵੀ ਕਿਹਾ ਜਾ ਸਕਦਾ ਹੈ ਜਿਨ੍ਹਾਂ ਨੂੰ ਲੇਖਕ ਨਵੇਂ ਨਾਮ ਦੇਣ ਦੇ ਸਿਰਜਣਾਤਮਿਕ ਕਾਰਜ ਦਾ ਅਭਿਲਾਸ਼ੀ ਹੈ।

ਇਸ ਪੁਸਤਕ ਵਿਚ ਬਾਣੀ ਦੀ ਛੰਦਾਬੰਦੀ ਦਾ ਵਿਸ਼ਲੇਸ਼ਣ ਕੁਝ ਚੋਣਵੀਆਂ ਬਾਣੀਆਂ ਅਤੇ ਕਾਵਿ-ਰੂਪਾਂ ਨੂੰ ਮੁੱਖ ਰੱਖ ਕੇ ਅਠਾਰਾਂ ਕਾਂਡਾਂ ਵਿਚ ਕੀਤਾ ਗਿਆ ਹੈ। ਇਨ੍ਹਾਂ ਬਾਣੀਆਂ ਵਿਚ ਜਪੁਜੀ, ਓਅੰਕਾਰ, ਸਿੱਧ ਗੋਸ਼ਟ, ਫੁਨਹੇ, ਦੂਜੇ-ਚੌਥੇ-ਨੌਵੇਂ ਗੁਰੂ ਸਾਹਿਬਾਂ ਅਤੇ ਸ਼ੇਖ ਫਰੀਦ ਤੇ ਭਗਤ ਕਬੀਰ ਦੇ ਸਲੋਕ ਸ਼ਾਮਲ ਹਨ। ਕਾਵਿ-ਰੂਪਾਂ ਵਿਚ ਥਿਤੀਆਂ, ਚਉਬੋਲਾ, ਅੰਜੁਲੀ, ਵਣਜਾਰਾ, ਮੁੰਦਾਵਣੀ ਆਦਿ। ਇਸ ਤੋਂ ਛੁੱਟ ਪਾਠਕਾਂ ਦੀ ਸਹੂਲਤ ਲਈ ਛੰਦ-ਰੂਪਾਂ ਦੀ, ਉਨ੍ਹਾਂ ਦੇ ਲੱਛਣਾਂ ਸਮੇਤ, ਸੂਚੀ ਵਾਲਾ ਕਾਂਡ ਪੁਸਤਕ ਦੇ ਅੰਤ ਵਿਚ ਮਿਲਦਾ ਹੈ। ਪੁਸਤਕ ਵਿਚ ਵਰਣਿਤ ਵੱਖ ਵੱਖ ਛੰਦਾਂ ਦਾ ਉਲੇਖ ਕਿਸ ਕਿਸ ਪੰਨੇ ਉਤੇ ਮਿਲਦਾ ਹੈ ਉਸ ਦਾ ਵੇਰਵਾ ਵੀ 'ਛੰਦ-ਸੂਚੀ-॥ ਵਿਚ ਦਰਜ ਹੋਣਾ ਇਸ ਪੁਸਤਕ ਦੀ ਤਿਆਰੀ ਵਿਚ ਕੀਤੀ ਗਈ ਮਿਹਨਤ ਅਤੇ ਲਗਨ ਦਾ ਲਖਾਇਕ ਹੈ।

ਆਸ ਕੀਤੀ ਜਾ ਸਕਦੀ ਹੈ ਕਿ ਇਹ ਪੁਸਤਕ ਜੋ ਲੇਖਕ ਨੇ ਕਈ ਸਾਲਾਂ ਦੀ ਮਿਹਨਤ ਨਾਲ, ਡੇਹਰਾਦੂਨ ਜਿਹੇ ਸ਼ਹਿਰ ਵਿਚ ਜਿਥੇ ਪੰਜਾਬੀ ਦੀ ਛਪਾਈ ਦਾ ਕੰਮ ਬੜਾ ਮਹਿੰਗਾ ਹੈ, ਆਪਣੇ ਮੁੱਲ ਉਤੇ ਛਪਾਈ ਹੈ, ਵਿਦਵਾਨਾਂ ਅਤੇ ਛੰਦ-ਸ਼ਾਸਤਰ ਦੇ ਪ੍ਰੇਮੀਆਂ ਲਈ ਬਹੁਤ ਲਾਭਦਾਇਕ ਸਿੱਧ ਹੋਵੇਗੀ।

ਹਿੰਮਤ ਸਿੰਘ ਸੋਢੀ

(ਪੰਜਾਬੀ ਟ੍ਰਿਬਿਊਨ ਵਿਚੋਂ ਧੰਨਵਾਦ ਸਹਿਤ)

# ਜੰਮੂ ਕਸ਼ਮੀਰ ਦੇ ਕੀਰਤਨੀਏ ਤੇ ਪ੍ਰਚਾਰਕ ਸ੍ਰ: ਧੀਰਜ ਸਿੰਘ ਜੀ

ਸ੍ਰ: ਜਸਬੀਰ ਸਿੰਘ ਸਰਨਾ

ਸ੍ਰ: ਧੀਰਜ ਸਿੰਘ ਦਾ ਜਨਮ ਸਈ ਮੂੰਹ, ਤਗਲ (ਕਸ਼ਮੀਰ) ਵਿੱਚ 24 ਜੁਲਾਈ 1949 ਨੂੰ ਸ੍ਰ: ਨਾਮਾ ਸਿੰਘ ਦੇ ਘਰ ਮਾਤਾ ਦੁਰਗੀ ਕੌਰ ਦੀ ਕੁਖੋਂ ਹੋਇਆ । ਆਪ ਜੀ ਮੈਟ੍ਰਿਕ ਪਾਸ ਕਰਨ ਤੋਂ ਬਾਅਦ ਬੀ.ਐਸ.ਐਫ. (Border Security Force) ਵਿੱਚ ਭਰਤੀ ਹੋ ਗਏ । ਉਥੇ ਆਪ ਜੀ ਨੇ ਕਲੱਰਕ ਦੀ ਸੇਵਾ ਕੀਤੀ । ਜਦੋਂ ਆਪ ਦੀ ਤਬਦੀਲੀ ਅੰਮ੍ਰਿਤਸਰ ਵਿੱਚ ਹੋਈ ਤਾਂ ਇੱਥੇ ਆਪ ਜੀ ਅੰਮ੍ਰਿਤ ਵੇਲੇ ਉੱਠ ਕੇ ਦਰਬਾਰ ਸਾਹਿਬ ਰੋਜ਼ਾਨਾ ਹਾਜ਼ਰੀ ਭਰਨ ਲਗੇ ਅਤੇ ਕੀਰਤਨੀ ਸਿੰਘਾਂ ਦੇ ਪਿੱਛੇ ਬੈਠ ਕੇ ਜਿਥੇ ਕੀਰਤਨ ਦਾ ਅਨੰਦ ਮਾਣਦੇ ਉਥੇ ਬੜੀ ਗੰਭੀਰਤਾ ਨਾਲ ਕੀਰਤਨੀ ਸਿੰਘਾਂ ਦੇ ਸਾਜ਼ਾਂ ਨੂੰ ਵਾਚ ਕੇ ਮਨ ਵਿੱਚ ਹੀ ਅਭਿਆਸ ਕਰਦੇ ਰਹਿੰਦੇ । ਇਤਫਾਕਨ ਕਿਸੇ ਦਿਨ ਇੱਕ ਕੀਰਤਨੀਏ ਸਿੰਘ ਕੋਲੋਂ ਦੋ ਤਿੰਨ ਵੇਰਾਂ ਸਾ, ਰੇ, ਗਾ, ਮਾ..... ਤੇ ਇੱਕ ਸ਼ਬਦ ਸਿਖ ਲਿਆ । ਉਸੇ ਸ਼ਬਦ ਦਾ ਅਭਿਆਸ ਮੁੜ ਮੁੜ ਕਰ ਕੇ ਬੀ.ਐਸ.ਐਫ. ਦੇ ਗੁਰਦੁਆਰੇ ਵਿੱਚ ਕੀਰਤਨ ਸ਼ੁਰੂ ਕਰ ਦਿੱਤਾ । ਫਿਰ ਆਪਜੀ ਦੀ ਤਬਦੀਲੀ ਕਸ਼ਮੀਰ ਵਿੱਚ ਹੋ ਗਈ ਜਿਥੇ ਆਪ ਜੀ ਗਿਆਨੀ ਸੰਤ ਸਿੰਘ ਭਟਪੁਰੀ ਦੀ ਸ਼ਾਗਿਰਦੀ ਹਾਸਿਲ ਕਰ ਕੇ ਕੀਰਤਨ ਸਿੱਖਣ ਵਿੱਚ ਨਿਪੁੰਨ ਹੋ ਗਏ । ਭਟਪੁਰੀ ਜੀ ਉਦੋਂ ਫੌਜੀ ਗੁਰਦੁਆਰੇ ਵਿੱਚ ਗ੍ਰੰਥੀ ਨਿਯੁਕਤ ਸਨ । ਸ੍ਰ: ਧੀਰਜ ਸਿੰਘ ਜੀ ਦਾ ਮਾਮਾ ਸ੍ਰ: ਸ਼ਮਸ਼ੇਰ ਸਿੰਘ ਵੈਰਾਗੀ ਵੀ ਕੀਰਤਨ ਵੱਲ ਝੁਕਾਅ ਰੱਖਦੇ ਹਨ ।

ਸ੍ਰ: ਧੀਰਜ ਸਿੰਘ ਜੀ ਨੇ 13 ਵਰ੍ਹੇ ਬੀ.ਐਸ.ਐਫ. ਵਿੱਚ ਨੌਕਰੀ ਕਰਕੇ ਕੁਝ ਘਰੇਲੂ ਜ਼ਿਮੇਵਾਰੀਆਂ ਕਾਰਨ ਨੌਕਰੀ ਛੱਡ ਦਿੱਤੀ । ਫਿਰ ਆਪ ਆਪਣੇ ਪਿੰਡ ਰਹਿ ਕੇ ਕੀਰਤਨ ਕਰਦੇ ਰਹੇ । ਫਿਰ ਪੱਕੇ, ਤੌਰ ਤੇ ਗੁਰਦੁਆਰਾ ਅਲੂਚੀ ਬਾਗ (ਸ੍ਰੀਨਗਰ) ਵਿਖੇ ਕੀਰਤਨ ਕਰਦੇ ਰਹੇ । ਇਥੇ ਤਕਰੀਬਨ 15 ਸਾਲ ਸੇਵਾ ਬੜੇ ਪਿਆਰ ਤੇ ਸਤਿਕਾਰ ਨਾਲ ਕੀਤੀ । ਇਸੇ ਦੌਰਾਨ ਆਪ ਜੀ ਸਿੱਖ ਮਿਸ਼ਨਰੀ ਕਾਲਜ, ਬਰਾਂਚ ਕਸ਼ਮੀਰ ਨਾਲ ਸੰਬੰਧਤ ਹੋ ਗਏ । ਕਾਲਜ ਦੇ ਹਰ ਵੱਡੇ ਸਮਾਗਮ ਵਿੱਚ ਜਾ ਕੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ । ਆਪ ਜੀ ਦੇ ਜਥੇ ਵਿੱਚ ਸ੍ਰ: ਦਿਲਜੀਤ ਸਿੰਘ ਅਤੇ ਇੱਕ ਹੋਰ ਸਿੰਘ ਵੀ ਸ਼ਾਮਲ ਸੀ । ਵਾਦੀ ਤੋਂ ਛੁੱਟ ਆਪ ਜੀ ਅੰਮ੍ਰਿਤਸਰ, ਚੰਡੀਗੜ, ਕਪੂਰਥਲਾ, ਜਲੰਧਰ ਆਦਿ ਥਾਵਾਂ ਤੇ ਕੀਰਤਨ ਕਰਦੇ ਰਹੇ । ਸ੍ਰੀਨਗਰ ਵਿੱਚ ਹੋਏ ਕੀਰਤਨ ਦਰਬਾਰ ਵਿੱਚ ਆਪ ਜੀ ਨੇ ਪਹਿਲਾਂ ਇਨਾਮ ਵੀ ਹਾਸਿਲ ਕੀਤਾ । ਆਪ ਜੀ ਦੇ ਕੀਰਤਨ ਵਿੱਚ ਬੜੀ ਕਸ਼ਿਸ਼ ਹੈ ਅਤੇ ਆਵਾਜ਼ ਸੁਰੀਲੀ ਹੈ ।

ਜਨਵਰੀ 1995 ਵਿੱਚ ਚੰਡੀਗੜ ਤੋਂ ਨਿਰੋਬੀ (ਕੀਨੀਆ, ਈਸਟ ਅਫਰੀਕਾ) ਦੇ ਸਿੰਘਾਂ ਵਲੋਂ ਉਥੇ ਦੇ ਗੁਰਦੁਆਰੇ ਵਿਚ ਪੱਕੇ ਤੌਰ ਤੇ ਨਿਯੁਕਤੀ ਹੋ ਗਈ ਹੈ ।

# ਸੋਲੋ ਤਬਲਾ ਵਾਦਨ ਵਿੱਚ 'ਕਾਇਦੇ' ਦਾ ਮਹੱਤਵ

ਹਰਭਜਨ ਸਿੰਘ ਧਾਰੀਵਾਲ ਐਮ.ਏ. (ਸੰਗੀਤ) ਬੀ.ਐਡ.

'ਕਾਇਦਾ' ਉਰਦੂ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਸ਼ਾਬਦਿਕ ਅਰਥ ਹੈ - ਢੰਗ,ਰੀਤ,ਤਰੀਕਾ ਜਾਂ ਨਿਯਮ। ਬਿਨਾਂ ਤਰੀਕਾ ਸਮਝੇ ਜੇ ਕੋਈ ਕਲਾਕਾਰ ਕਲਾ ਦਾ ਅਧਿਐਨ ਜਾਂ ਅਭਿਆਸ ਕਰੇ ਤਾਂ ਉਹ ਕਲਾਕਾਰ ਆਪਣੀ ਕਲਾ ਵਿੱਚ ਪ੍ਰਵੀਨ ਨਹੀਂ ਹੋ ਸਕਦਾ। ਇਸ ਲਈ ਤਬਲਾ ਸਿੱਖਣ ਵਾਲਿਆਂ ਦੇ ਲਈ ਉਸਤਾਦਾਂ ਨੇ ਤਬਲਾਂ ਵਜਾਉਣ ਦਾ ਢੰਗ, ਤਰੀਕਾ ਅਰਥਾਤ 'ਕਾਇਦਾ' ਪ੍ਰਚਲਿਤ ਕੀਤਾ। ਤਬਲੇ ਦੀਆਂ ਅਨੇਕਾਂ ਹੀ ਵਾਦਨ ਸ਼ੈਲੀਆਂ ਹਨ। ਇਨ੍ਹਾਂ ਵਾਦਨ ਸ਼ੈਲੀਆਂ ਨੂੰ ਤਬਲੇ ਦਾ ਘਰਾਣਾਂ ਜਾਂ ਬਾਜ ਕਹਿੰਦੇ ਹਨ। ਹਰ ਘਰਾਣੇ ਵਿੱਚ ਤਬਲੇ ਦੇ ਕਾਇਦੇ ਵੱਖ-ਵੱਖ ਹੁੰਦੇ ਹਨ। ਇਨ੍ਹਾਂ ਕਾਇਦਿਆਂ ਰਾਹੀਂ ਹੀ ਤਬਲਦਾ ਵਾਦਕ ਆਪਣੇ ਘਰਾਣੇ ਦੀ ਵਾਦਨ ਸ਼ੈਲੀ ਪੇਸ਼ ਕਰਦਾ ਹੈ।

'ਕਾਇਦਾ' ਕੁਝ ਨਿਯਮਿਤ ਅਤੇ ਨਿਸ਼ਚਿਤ ਬੋਲ ਸਮੂਹ ਦਾ ਨਾਮ ਹੈ। ਇਨ੍ਹਾਂ ਬੋਲ ਸਮੂਹਾਂ ਦੀ ਬਨਾਵਟ ਤਾਲ ਦੇ ਠੇਕੇ ਦੇ ਖਾਲੀ ਭਰੇ ਵਿਭਾਗਾਂ ਦੇ ਅਨੁਸਾਰ ਹੁੰਦੀ ਹੈ ਅਤੇ ਇਨ੍ਹਾਂ ਬੋਲ ਸਮੂਹਾਂ ਦਾ ਬੜੀ ਸੁੰਦਰਤਾ ਨਾਲ ਉਲਟ-ਪੁਲਟ ਕੇ ਵਿਸਥਾਰ ਕੀਤਾ ਜਾਂਦਾ ਹੈ। 'ਕਾਇਦਾ' ਤਬਲੇ ਦਾ ਬਹੁਤ ਪ੍ਰਚਲਿਤ ਸਬਦ ਹੈ। ਉਸਤਾਦ ਸਹਿਬਾਨ ਆਪਣੇ ਸ਼ਾਗਿਰਦਾਂ ਨੂੰ ਤਬਲੇ ਦੀ ਸਿੱਖਿਆ 'ਕਾਇਦਾ' ਨਾਲ ਹੀ ਸ਼ੁਰੂ ਕਰਦੇ ਹਨ। ਜਿਸ ਤਰ੍ਹਾਂ ਗਾਇਨ ਸਿੱਖਣ ਤੋਂ ਪਹਿਲਾਂ ਸਵਰ ਅਲੰਕਾਰਾਂ ਦਾ ਜੀ ਤੋੜ ਅਭਿਆਸ ਕਰਨ ਨਾਲ ਹੀ ਕਿਸੇ ਰਾਗ ਨੂੰ ਗਾਇਆ ਜਾ ਸਕਦਾ ਹੈ। ਠੀਕ ਉਸੇ ਤਰ੍ਹਾਂ ਹੀ ਉਸਤਾਦ ਸਹਿਬਾਨ ਕੋਲ ਬੈਠ ਕੇ ਕਾਇਦੇ ਦਾ ਅਭਿਆਸ ਕਰਨ ਨਾਲ ਹੱਥ ਸਿੱਧ ਹੋ ਸਕਦਾ ਹੈ ਅਤੇ ਤਬਲਾ ਵਾਦਕ ਕਿਸੇ ਵੀ ਤਾਲ ਨੂੰ ਵਜਾ ਸਕਦਾ ਹੈ। ਕਿਉਂਕਿ 'ਕਾਇਦਾ' ਦੇ ਬੋਲ ਸਮੂਹਾਂ ਦਾ ਵਿਭਿੰਨ ਨਿਕਾਸ ਅਤੇ ਇਕ ਗੁਣ, ਦੁਗਣ ਅਤੇ ਚਾਰਗੁਣ ਆਦਿ ਲੈਅ-ਕਾਰੀਆ ਹੁੰਦੀਆਂ ਹਨ।

ਕਾਇਦਾ ਇਕ ਅਵਰਤਨ ਦਾ ਹੁੰਦਾ ਹੈ ਲੇਕਿਨ ਪੰਜਾਬ ਘਰਾਣੇ ਦੇ ਕਾਇਦੇ ਦੋ ਅਵਰੱਤਨ ਦੇ ਵੀ ਹੁੰਦੇ ਹਨ। ਕਾਇਦੇ ਦੇ ਦੋ ਭਾਗ ਹੁੰਦੇ ਹਨ। ਪਹਿਲਾ ਭਾਗ ਭਰਿਆ ਅਤੇ ਦੂਸਰਾ ਭਾਗ ਖਾਲੀ ਹੁੰਦਾ ਹੈ। ਕਾਇਦੇ ਦੇ ਪਹਿਲੇ ਭਾਗ ਵਿੱਚ ਦੋ,ਢਾਈ ਜਾਂ ਤਿੰਨ ਮਾਤਰਾ ਦੀ ਰਦੀਫ ਹੁੰਦੀ ਹੈ ਅਤੇ ਦੂਸਰੇ ਭਾਗ ਵਿੱਚ ਵੀ ਇਸੇ ਤਰ੍ਹਾਂ ਰਦੀਫ ਦੇ ਬੋਲ ਭਰੇ ਹੋਏ ਹੁੰਦੇ ਹਨ। ਜੇਕਰ ਅਸੀਂ ਕਾਇਦੇ ਦੇ ਛੰਦ ਰੂਪ ਤੇ ਵਿਚਾਰ ਕਰੀਏ ਕਾਇਦੇ ਦੇ ਪਹਿਲੇ ਭਾਗ ਵਿੱਚ ਕਾਇਦੇ ਦਾ ਮੂਲ ਬੋਲ, ਜੋੜ ਅਤੇ ਰਦੀਫ ਦਾ ਖਾਲੀ ਹਿੱਸਾ ਹੋਵੇਗਾ, ਇਸੇ ਤਰ੍ਹਾਂ ਹੀ ਦੂਜੇ ਹਿੱਸੇ ਵਿੱਚ ਕਾਇਦੇ ਦਾ ਮੂਲ ਬੋਲ ਖਾਲੀ, ਜੋੜ ਅਤੇ ਰਦੀਫ ਦਾ ਭਰਿਆ ਹੋਇਆ ਹਿੱਸਾ ਹੋਵੇਗਾ।

ਉਦਾਹਰਣ ਦੇ ਤੌਰ ਤੇ ਕਾਇਦਾ ਤਿੰਨ ਤਾਲ

ਧਾੜਾ ਕਧਿ ਟਧਿ ਟਧਾ ਟਧਾ ਗੇਨਾ ਧਿਨਾ ਗੇਨਾ,<br>
ਧਿਟ ਧਿਟ ਧਾਗੇ ਨਧਾ ਟਧਾ ਗੇਨਾ ਤਿਨਾ ਕਿਨਾ।<br>
ਤਾੜਾ ਕਤਿ ਟਤਿ ਟਤਾ ਟਤਾ ਕਿਨਾ ਤਿਨਾ ਕਿਨਾ,<br>
ਧਿਟ ਧਿਟ ਧਾਗੇ ਨਧਾ ਟਧਾ ਗਿਨਾ ਧਿਨਾ ਗਿਨਾ॥

ਉਪਰੋਕਤ ਕਾਇਦੇ ਦਾ ਜੇਕਰ ਬਰਾਬਰ ਦੀ ਲੈਅ ਵਿੱਚ ਵਿਚਾਰ ਕਰੀਏ ਤਾਂ ਪਹਿਲੇ ਹਿੱਸੇ ਵਿੱਚ ਅੱਠ ਮਾਤਰਾ ਦਾ ਕਾਇਦੇ ਦਾ ਮੂਲ ਬੋਲ ਹੈ, ਸਾਢੇ ਪੰਜ ਮਾਤਰਾ ਦਾ ਜੋੜ ਹੈ ਅਤੇ ਢਾਈ ਮਾਤਰਾ ਦੀ ਖਾਲੀ ਰਦੀਫ ਹੈ ਇਸੇ ਤਰ੍ਹਾਂ ਦੂਜੇ ਹਿੱਸੇ ਵਿੱਚ ਵੀ ਅੱਠ ਮਾਤਰਾ ਦਾ ਮੂਲ ਬੋਲ ਖਾਲੀ ਹੈ, ਜੋੜ ਸਾਢੇ ਪੰਜ ਮਾਤਰਾ ਦਾ ਅਤੇ ਢਾਈ ਮਾਤਰਾ ਦਾ ਰਦੀਫ ਦਾ ਭਰਿਆ ਪੱਲਾ ਹੈ। ਕਾਇਦੇ ਦਾ ਪਲਟਿਆ ਰਾਹੀਂ ਵਿਸਥਾਰ ਕਰਦੇ ਹੋਏ ਪਲਟਿਆਂ ਦੇ ਪਹਿਲੇ ਭਾਗ ਵਿੱਚ ਖਾਲੀ ਰਦੀਫ ਅਤੇ ਦੂਸਰੇ ਭਾਗ ਵਿੱਚ ਰਦੀਫ ਦਾ ਭਰਿਆ ਭਾਗ ਹੋਣਾ ਜ਼ਰੂਰੀ ਹੈ। ਕਾਇਦੇ-ਪਲਟਿਆਂ ਵਿੱਚ ਰਦੀਫ ਦਾ ਸਥਿਰ ਸਥਾਨ ਹੈ। ਕਾਇਦੇ-ਪਲਟੇ ਦੇ ਪਹਿਲੇ ਭਾਗ ਦੀ ਰਦੀਫ ਤਾਲ ਦੀ ਖਾਲੀ ਮਾਤਰਾ ਦੇ ਆਉਣ ਦੀ ਸੂਚਕ ਹੈ ਅਤੇ ਦੂਜੇ ਭਾਗ ਦੀ ਰਦੀਫ ਤਾਲ ਦਾ ਪਹਿਲੀ ਮਾਤਰਾ (ਸਮ) ਦੇ ਆਉਣ ਦੀ ਸੂਚਕ ਹੈ। ਜਿਵੇਂ ਆਵਾਜਾਈ ਦੇ ਨਿਯਮਾਂ ਅਨੁਸਾਰ ਸ਼ਹਿਰ ਸ਼ੁਰੂ

ਹੋਣ ਤੋਂ ਪਹਿਲਾਂ ਮੋਟਰ ਗੱਡੀਆਂ ਦੀ ਘੱਟ ਸਪੀਡ ਲਈ ਸਪੀਡ ਇੰਡੀਕੇਟਰ ਬੋਰਡ ਲਗਾ ਹੁੰਦਾ ਹੈ ਕਿ ਅਗੇ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਵਾਹਨ ਚਲ ਸਕਦੇ ਹਨ, ਭਾਵ ਕਿ ਵਾਹਨ ਚਾਲਕ ਨੂੰ ਸਪੀਡ ਇੰਡੀਕੇਟਰ ਬੋਰਡ ਰਾਹੀ ਸੂਚਿਤ ਹੋ ਜਾਂਦਾ ਹੈ ਕਿ ਅਗੇ ਸ਼ਹਿਰ ਹੈ। ਇਸੇ ਤਰ੍ਹਾਂ ਹੀ ਕਾਇਦੇ ਪਲਟਿਆ ਦੀ ਖਾਲੀ ਰਦੀਫ਼ ਤੋਂ ਪਤਾ ਲਗਦਾ ਹੈ ਕਿ ਅਗਲੀ ਮਾਤਰਾ ਤਾਲ ਦੀ ਕਾਲੀ ਮਾਤਰਾ ਹੈ ਅਤੇ ਭਰੀ ਰਦੀਫ਼ ਤੋਂ ਪਤਾ ਲਗਦਾ ਹੈ ਕਿ ਅੱਗੇ ਤਾਲ ਦਾ ਸਮ (ਪਹਿਲੀ ਮਾਤਰਾ) ਆ ਰਿਹਾ ਹੈ। ਕਾਇਦੇ ਦੇ ਵਿਸਥਾਰ ਵਿੱਚ ਰਦੀਫ਼ ਇਕ ਮੀਲ ਪੱਥਰ ਦ ਕੰਮ ਕਰਦੀ ਹੈ। ਜਿਸ ਰਾਹੀਂ ਤਬਲਾ ਵਾਦਕ ਅਤੇ ਸਰੋਤਿਆਂ ਨੂੰ ਤਾਲ ਤੇ ਖਾਲੀ ਅਤੇ ਸਮ ਸਥਾਨ ਦਾ ਪਤਾ ਰਹਿੰਦਾ ਹੈ। ਰਦੀਫ਼ ਦੇ ਖਾਲੀ ਅਤੇ ਭਰੇ ਹਿੱਸੇ ਤੇ ਵਿਸ਼ੇਸ਼ ਪ੍ਰਕਾਰ ਦਾ ਜ਼ੋਰ ਦਿੱਤਾ ਜਾਂਦਾ ਹੈ। ਇਹੀ ਕਾਇਦੇ ਦਾ ਨਿਯਮ ਹੈ।

ਕਾਇਦਿਆਂ ਨੂੰ ਰਦੀਫ਼ ਦੇ ਬੰਧਨ ਵਿੱਚ ਰੱਖਦੇ ਹੋਏ ਇਨ੍ਹਾਂ ਦਾ ਵਿਸਥਾਰ ਕੀਤਾ ਜਾਂਦਾ ਹੈ। ਕਾਇਦੇ ਵਿੱਚ ਰਦੀਫ਼ ਦੇ ਕਾਰਨ ਹੀ ਕਾਇਦੇ ਦੀ ਸੁੰਦਰਤਾ ਕਾਇਮ ਰਹਿੰਦੀ ਹੈ। ਸੋਲੋ ਤਬਲਾ ਵਾਦਨ ਵਿੱਚ ਕਾਇਦਿਆਂ ਦਾ ਵਿਸ਼ੇਸ਼ ਮਹੱਤਵ ਹੈ। ਭਾਵ ਕਿ ਕਾਇਦਾ ਸੋਲੋ ਤਬਲਾ ਵਾਦਨ ਦੀ ਰੀੜ ਦੀ ਹੱਡੀ ਹੈ। ਪੇਸ਼ਕਾਰ ਤੋਂ ਬਾਅਦ ਤਬਲਾ ਵਾਦਕ ਆਪਣੇ ਘਰਾਣੇ ਦੀ ਪਹਿਚਾਣ ਕਾਇਦਿਆਂ ਰਾਹੀਂ ਹੀ ਕਰਾਉਂਦਾ ਹੈ। ਕਾਇਦਾ ਪਹਿਲਾਂ ਬਰਾਬਰ ਦੀ ਲੈਅ, ਫਿਰ ਦੁਗਣ ਅਤੇ ਫਿਰ ਚਾਰਗੁਣ ਲੈ ਵਿੱਚ ਵਜਾਇਆ ਜਾਂਦਾ ਹੈ ਅਤੇ ਚਾਰ ਗੁਣ ਲੈਅ ਵਿੱਚ ਹੀ ਕਾਇਦੇ ਦਾ ਵਿਸਥਾਰ ਪਲਟਾ ਰਾਹੀਂ ਕੀਤਾ ਜਾਂਦਾ ਹੈ। ਕਾਇਦੇ ਦੇ ਜ਼ਰੀਏ ਤਬਲਾ ਵਾਦਕ ਆਪਣੇ ਹੱਥ ਦੀ ਤਿਆਰੀ, ਲੈਅ-ਕਾਰੀ ਅਤੇ ਸਫਾਈ (ਬੋਲ ਦੀ ਸ਼ੁਧਤਾ) ਪੇਸ਼ ਕਰਦਾ ਹੈ। ਕਾਇਦੇ ਦਾ ਨਿਯਮ ਹੈ ਕਿ ਇਸ ਦੇ ਵਿਸਥਾਰ ਦੇ ਅੰਤ ਵਿੱਚ, ਜੋ ਕਾਇਦਾ ਸ਼ੁਰੂ ਕੀਤਾ ਜਾਏ ਠੀਕ ਉਸੇ ਕਾਇਦੇ ਦੀ ਤਿਹਾਈ (ਚੱਕਰਦਾਰ) ਲਗਾਈ ਜਾਂਦੀ ਹੈ। ਕੁਝ ਕਲਾਕਾਰ ਕਾਇਦੇ ਦੇ ਅੰਤ ਵਿੱਚ ਕੋਈ ਹੋਰ ਤਿਹਾਈ ਜੋ ਯਾਦ ਹੁੰਦੀ ਹੈ, ਲਗਾ ਦਿੰਦੇ ਹਨ। ਇਸ ਤਰ੍ਹਾਂ ਕਾਇਦਾ ਆਪਣੇ ਸਿਖਰ ਤੇ ਪਹੁੰਚਣ ਤੋਂ ਬਾਅਦ ਅਨਿਯਮਿਤ ਹੋ ਜਾਂਦਾ ਹੈ। ਕਾਇਦੇ ਦੀ ਤਿਹਾਈ ਰਦੀਫ਼ ਤੋਂ ਮੁਕਤ ਹੁੰਦੀ ਹੈ।

ਕਾਇਦੇ ਵੀ ਕਈ ਪ੍ਰਕਾਰ ਦੇ ਹੁੰਦੇ ਹਨ, ਜਿਵੇਂ ਸਾਧਾਰਨ ਕਾਇਦਾ, ਆੜ ਲੈਅ ਦਾ ਕਾਇਦਾ, ਗੱਤ-ਕਾਇਦਾ ਅਤੇ ਕਾਇਦਾਂ-ਰੇਲਾ ਆਦਿ। ਕਾਇਦੇ ਦੇ ਇਹ ਪ੍ਰਕਾਰ ਆਪੋ ਆਪਣੀ ਵਿਸ਼ੇਸ਼ਤਾ ਰੱਖਦੇ ਹਨ। (ਚਲਦਾ)

## ਨੋਟੇਸ਼ਨ ਵਾਲੇ ਸ਼ਬਦ ਦੇ ਅਰਥ

ਪ੍ਰਿੰ ਸਾਹਿਬ ਸਿੰਘ

ਪ੍ਰਭਾਤੀ ਮਹਲਾ ੪ ਬਿਭਾਸ
ੴ ਸਤਿਗੁਰਪ੍ਰਸਾਦਿ ॥ ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ ॥ ਅੰਮ੍ਰਿਤੁ ਰਸੁ ਪੀਆ ਗੁਰ ਸਬਦੀ ਹਮ ਨਾਮ ਵਿਟਹੁ ਕੁਰਬਾਨ ॥ ੧ ॥ ਹਮਰੇ ਜਗਜੀਵਨ ਹਰਿ ਪ੍ਰਾਨ ॥ ਹਰਿ ਊਤਮੁ ਰਿਦ ਅੰਤਰਿ ਭਾਇਓ ਗੁਰਿ ਮੰਤੁ ਦੀਓ ਹਰਿ ਕਾਨ ॥ ੧॥ਰਹਾਉ॥ ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮੁ ਵਖਾਨ ॥ ਕਿਤੁ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ ਮੋ ਕਉ ਕਰਹੁ ਉਪਦੇਸੁ ਹਰਿ ਦਾਨ ॥ ੨ ॥ ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿਗੁਨ ਜਾਨ ॥ ਵਡੈ ਭਾਗਿ ਸਤ ਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥ ਗੁਨ ਗਾਵਹ ਪ੍ਰਭ ਅਗਮ ਠਾਕੁਰ ਕੇ ਗੁਨ ਗਾਇ ਰਹੇ ਹੈਰਾਨ ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਹਰਿਨਾਮੁ ਦੀਓ ਖਿਨ ਦਾਨ ॥੪॥੧॥ [-੧੩੩੫]

ਅਰਥ : ਹੇ ਭਾਈ ! ਜਗਤ ਦੇ ਜੀਵਨ ਪ੍ਰਭੂ ਜੀ ਹੀ ਅਸਾਂ ਜੀਵਾਂ ਦੀ ਜਿੰਦ-ਜਾਨ ਹਨ (ਫਿਰ ਭੀ ਅਸਾਂ ਜੀਵਾਂ ਨੂੰ ਇਹ ਸਮਝ ਨਹੀਂ ਆਉਂਦੀ) । (ਜਿਸ ਮਨੁੱਖ ਦੇ) ਕੰਨਾਂ ਵਿਚ ਗੁਰੂ ਨੇ ਹਰਿ-ਨਾਮ ਦਾ ਉਪਦੇਸ਼ ਦੇ ਦਿੱਤਾ, ਉਸ ਮਨੁੱਖ ਨੂੰ ਉਤਮ ਹਰੀ (ਆਪਣੇ) ਹਿਰਦੇ ਵਿਚ ਪਿਆਰਾ ਲੱਗਣ ਲੱਗ ਪੈਂਦਾ ਹੈ ।੧। ਰਹਾਉ।

ਹੇ ਭਾਈ ! ਗੁਰੂ ਦੀ ਮਤਿ ਉਤੇ ਤੁਰ ਕੇ, ਆਓ ਅਸੀਂ ਮੁੜ ਮੁੜ ਸੁਆਦ ਨਾਲ ਪਰਮਾਤਮਾ ਦੇ ਗੁਣ ਗਾਵਿਆ ਕਰੀਏ, (ਇਸ ਤਰ੍ਹਾਂ) ਪਰਮਾਤਮਾ ਦੇ ਨਾਮ ਵਿਚ ਲਗਨ ਲੱਗ ਜਾਂਦੀ ਹੈ (ਪ੍ਰਭੂ-ਮਿਲਾਪ ਦੀ) ਤਾਂਘ ਵਿਚ ਸੁਰਤਿ ਟਿਕੀ ਰਹਿੰਦੀ ਹੈ । ਹੇ ਭਾਈ ! ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪੀਤਾ ਜਾ ਸਕਦਾ ਹੈ । ਹੇ ਭਾਈ ! ਮੈਂ ਤਾਂ ਪਰਮਾਤਮਾ ਦੇ ਨਾਮ ਤੋਂ ਸਦਕੇ ਜਾਂਦਾ ਹਾਂ ।੧।

ਹੇ ਸੰਤ ਜਨੋ ! ਹੇ ਮੇਰੇ ਭਰਾਵੋ ! ਆਓ, ਮਿਲ ਬੈਠੋ । ਮਿਲ ਕੇ ਪਰਮਾਤਮਾ ਦਾ ਨਾਮ ਜਪੀਏ । ਹੇ ਸੰਤ ਜਨੋ ! ਪ੍ਰਭੂ-ਮਿਲਾਪ ਦਾ ਉਪਦੇਸ਼ ਮੈਨੂੰ ਦਾਨ ਵਜੋਂ ਦੇਵੋ (ਮੈਨੂੰ ਦੱਸੋ ਕਿ) ਪਿਆਰਾ ਪ੍ਰਭੂ ਕਿਵੇਂ ਕਿਸ ਤਰੀਕੇ ਨਾਲ ਮਿਲ ਸਕਦਾ ਹੈ ।੨।

ਹੇ ਭਾਈ ! ਪਰਮਾਤਮਾ ਸਾਧ ਸੰਗਤਿ ਵਿਚ ਸਦਾ ਵੱਸਦਾ ਹੈ । ਸਾਧ ਸੰਗਤਿ ਵਿਚ ਮਿਲ ਕੇ ਪਰਮਾਤਮਾ ਦੇ ਗੁਣਾਂ ਦੀ ਸਾਂਝ ਪੈ ਸਕਦੀ ਹੈ । ਜਿਸ ਨੂੰ ਵਡੀ ਕਿਸਮਤ ਨਾਲ ਸਾਧ ਸੰਗਤਿ ਪ੍ਰਾਪਤ ਹੋ ਗਈ, ਉਸ ਨੇ ਗੁਰੂ ਸਤਿਗੁਰੂ (ਦੇ ਚਰਨ) ਛੁਹ ਕੇ ਭਗਵਾਨ (ਦਾ ਮਿਲਾਪ ਹਾਸਲ ਕਰ ਲਿਆ) ।੩।

ਹੇ ਭਾਈ ! ਆਓ, ਅਪਹੁੰਚ ਠਾਕੁਰ ਪ੍ਰਭੂ ਦੇ ਗੁਣ ਗਾਵਿਆ ਕਰੀਏ । ਉਸ ਦੇ ਗੁਣ ਗਾ ਗਾ ਕੇ (ਉਸ ਦੀ ਵਡਿਆਈ ਅੱਖਾਂ ਸਾਹਮਣੇ ਲਿਆ ਲਿਆ ਕੇ) ਹੈਰਤ ਵਿਚ ਗੁੰਮ ਹੋ ਜਾਈਦਾ ਹੈ । ਹੇ ਨਾਨਕ ! ਜਿਸ ਦਾਸ ਉਤੇ ਗੁਰੂ ਨੇ ਮਿਹਰ ਕੀਤੀ, ਉਸ ਨੂੰ (ਗੁਰੂ ਨੇ) ਇਕ ਖਿਨ ਵਿਚ ਪਰਮਾਤਮਾ ਦਾ ਨਾਮ ਦਾਨ ਦੇ ਦਿੱਤਾ ।੪।੧।

## ਦਸ ਥਾਟਾਂ ਦੇ ਨਾਮ

ਉਸਤਾਦ ਸੁਰਜੀਤ ਸਿੰਘ

ਦੋਹਰਾ :

ਬਿਲਾਬਲ, ਭੈਰਵ, ਭੈਰਵੀ, ਟੋਡੀ, ਕਾਫੀ, ਕਲਿਆਣ ।
ਖਮਾਜ, ਮਾਰਵਾ, ਪੂਰਵੀ, ਆਸਾਵਰੀ ਪਹਿਚਾਨ ।
ਦਸ ਥਾਟਾਂ ਵਿੱਚ ਲੱਗਣ ਵਾਲੇ ਤੀਬਰ ਅਤੇ ਕੋਮਲ ਸੁਰਾਂ ਦਾ ਵੇਰਵਾ

ਚੌਪਈ :

ਸਭ ਸੁਰ ਸ਼ੁੱਧ ਬਿਲਾਬਲ ਜਾਨੋ ।
ਮ੍ਰਿਦ ਨਿਸ਼ਾਦ ਖਮਾਜ ਪਛਾਨੋ ।
ਗਨ ਕੋਮਲ ਕਾਫੀ ਨਿਜ ਰੂਪਾ ।
ਮਾਂ ਤੀਬਰ ਕਲਿਆਣ ਸਰੂਪਾ ।੧
ਰੇ ਕੋਮਲ ਮਾਂ ਤੀਬਰ ਚੀਨ ।
ਥਾਟ ਮਾਰਵਾ ਭਨਤ ਪਰਬੀਨ ।
ਰਿਧ ਕੋਮਲ ਮਾ ਚੜੀ ਸੁਹਾਏ ।
ਮੇਲ ਪੂਰਬੀ ਅਤ ਸੁਭ ਪਾਏ ।੨
ਰਿਗਧ ਅਧੋ ਮਾ ਊਰਧ ਚੀਨੋ ।
ਤੋੜੀ ਮੇਲ ਗੁਣੀ ਲਖ ਲੀਨੋ ।
ਰਿਧ ਕੋਮਲ ਜਿਹ ਸੁਰਨ ਮਝਾਰਾ ।
ਭੈਰਵ ਥਾਟ ਕਹਿ ਬੁਧ ਅਪਾਰਾ ।੩
ਰੇ ਗਾ ਧਾ ਨੀ ਕੋਮਲ ਗਾਏ ।
ਥਾਟ ਭੈਰਵੀ ਨਾਮ ਸਦਾਏ ।
ਗਧਨ ਸੁਰਨ ਮਿਰਦੁਲ ਹੋਇ ਆਵਾ ।
ਮੇਲ ਆਸਾਵਰੀ ਨਾਮ ਕਹਾਵਾ ।੪
ਦਸ ਥਾਟਨ ਕੇ ਨਾਮ ਅਲਾਏ ।
ਸੁਰ ਸ਼ੁਧ ਕੋਮਲ ਸਭੇ ਬਿਤਾਏ ।
ਦੇਵ ਜੀਤ ਹਰੀ ਬੁਧ ਅਨਸਾਰ ।
ਨਿਜ ਦੈਸ਼ਕ ਚਰਨਨ ਸਿਰ ਧਾਰ ।੫

# ਰਾਗ ਬਿਭਾਸ

## ਉਸਤਾਦ ਸੁਰਜੀਤ ਸਿੰਘ

ਰਿਧ ਕੋਮਲ ਔਡਵ ਸਹੀ, ਸੁਭਾ ਸੰਧੀ ਪਰਕਾਸ ।
ਧਾ ਵਾਦੀ ਸੰਵਾਦ ਰੇ, ਮਾਨਤ ਗੁਣੀ ਬਿਭਾਸ ।

ਇਸ ਰਾਗ ਵਿੱਚ ਮਾ ਨੀ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਔਡਵ ਹੈ । ਥਾਟ ਭੈਰਵ ਗਾਇਨ ਸਮਾਂ ਪਰਾਤਾ ਕਾਲ ਧਾ ਵਾਦੀ ਰੇ ਸੰਵਾਦੀ ਕੁਝਕ ਵਿਦਵਾਨ ਗੰਧਾਰ ਸੰਵਾਦੀ ਮੰਨਦੇ ਹਨ । ਪਰ ਇਹ ਨਿਯਮ ਉਤਰੀ ਸੰਗੀਤ ਪਦਤੀ ਦੇ ਨਿਯਮਾਂ ਤੋਂ ਬਰੁਧ ਹੈ ਕਿਉਂਕਿ ਉਤਰੀ ਸੰਗੀਤ ਪਦਤੀ ਅਨੁਸਾਰ -

ਵਾਦੀ ਸੰਵਾਦੀ ਵਿੱਚ ਛੜਜ-ਮੱਧਮ ਛੜਜ-ਪੰਚਮ ਭਾਵ ਹੋਣਾ ਜਰੂਰੀ ਹੈ । ਭਾਵੇਂ ਕਿ ਮਾਰਵਾ ਆਦਿਕ ਬਹੁਤ ਸਾਰੇ ਰਾਗ ਇਸ ਕਸਵਟੀ ਤੇ ਪੂਰੇ ਨਹੀਂ ਉਤਰਦੇ ਪਰ ਬਿਭਾਸ ਵਿੱਚ ਰਿਸ਼ਵ ਨੂੰ ਸੰਵਾਦੀ ਮੰਨਣਾ ਨਿਆਏ ਯੁਕਤ ਹੈ, ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ, ਭੈਰੋਂ ਦੇ ਮੁਕਾਬਲੇ ਬਿਭਾਸ ਦੇ ਰਿਸ਼ਵ ਔਰ ਧੈਵਤ ਪਰ ਕੰਪਨ ਕਮ ਹੈ, ਪ੍ਰਧਾਨ ਅੰਗ ਉਤਰਾਂਗ ਹੈ ਇਸ ਕਰਕੇ ਇਹ ਰਾਗ ਮੱਧ ਸਪਤਕ ਦੇ ਉਤਰਾਂਗ ਵਿੱਚ ਅਤੇ ਤਾਰ ਸਪਤਕ ਵਿੱਚ ਬਹੁਤ ਚਮਕਦਾ ਹੈ, ਰਿਸ਼ਵ ਔਰ ਧੈਵਤ ਕੋਮਲ ਬਾਕੀ ਸੁਰ ਸ਼ੁੱਧ ਹਨ ।

ਤਾਲ ਫਰੋਦਸਤ ਮਾਤਰਾ 14 ਲੈ ਮੱਧ ਪ੍ਰਭਾਤੀ ਮਹਲਾ ੪ ਬਿਭਾਸ ੧ੴ ਸਤਿਗੁਰ ਪ੍ਰਸਾਦਿ ॥ (੧੩੩੫)

### ਅਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| x | 0 | | | 2 | | 0 | | 3 | | 4 | | 5 | |
| ਧੁ | - | ਪ | ਧੁ | ਸਂ | - | ਧੁ | ਪ | ਧੁਪ | ਗਪ | ਗਰੁ | ਗਪ | ਗਰੁ | ਸ |
| ਹ | ਮ | ਰੇ | s | ਜ | ਗ | ਜੀ | s | ਵ | ਨ | ਹਰਿ | ਪ੍ਰਾ | s | ਨ |
| ਰੁ | - | ਸ | ਰੁ | ਗਪ | ਧੁਸਂ | ਧੁ | ਪ | ਧੁਪ | ਗਪ | ਗਰੁ | ਗਪ | ਗਰੁ | ਸ |
| ਹ | ਰਿ | ਊ | s | ਤ | ਮ | ਦਿ | ਦ | ਅੰ | ਤ | ਰਿ | ਭਾ | s | ਇਉ |
| ਧੁ | - | ਪ | ਧੁ | ਸਂ | - | ਧੁ | ਪ | ਧੁਪ | ਗਪ | ਗਰੁ | ਗਪ | ਗਰੁ | ਸ |
| ਗੁ | ਰ | ਮਿ | s | ਤ | s | s | ਦੀ | ਉ | s | ਹਰਿ | ਕਾ | s | ਨ |

### ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| x | 0 | | | 2 | | 0 | | 3 | | 4 | | 5 | |
| ਗ | - | ਪ | - | ਧੁ | - | ਸਂ | - | ਧੁਸਂ | ਰੁਸਂ | ਸਂ | ਧੁਸਂ | ਰੁਸਂ | ਸਂ |
| ਰ | ਸ | ਕਿ | ਰ | ਸ | ਕਿ | ਗੁ | ਨ | ਗਾ | s | ਵਹੁ | ਗੁਰ | ਮ | ਤਿ |
| ਸਂ | ਰੁਂ | ਗਂ | ਰੁਂ | ਸਂ | - | ਧੁ | ਪ | ਧੁਪ | ਗਪ | ਗਰੁ | ਗਪ | ਗਰੁ | ਸ |
| ਲਿ | ਵ | ਉ | ਨ | ਮ | s | ਨਿ | s | ਨਾ | s | ਮਿਲੁ | ਗਾ | s | ਨ |

ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ ਜੀ

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮਧੱ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮਂ | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸਂ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ S | ਜਿਸ ਅੱਖਰ ਅੱਗੇ ਜਿੰਨੇ S ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿਚ ਗਾਉਣਾ ਹੈ । |
| $ਮ_{ਪ}$ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| XO 123 | X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਮਹੀਨਾ ਸਾਵਣ/ਜੁਲਾਈ

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥ ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥ ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥ ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥ ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥

## ਗੁਰਪੁਰਬ

ਪ: ੬ ਦਾ ਤਖ਼ਤ ਬਿਰਾਜਨਾ ਤੇ ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨਣਾ

(ਹਾੜ ਸੁਦੀ ਦਸਵੀਂ) ੨੬ ਜੁਲਾਈ

## ਦਿਨ ਦਿਹਾਰੇ ਤੇ ਛੁੱਟੀਆਂ

ਜਨਮ ਦਿਨ ਸਾਹਿਬਜ਼ਾਦਾ

ਜ਼ੋਰਾਵਰ ਸਿੰਘ ਜੀ ੨੭ ਜੁਲਾਈ

ਈਦਿ ਮਿਲਾਦ ੨੯ ਜੁਲਾਈ

| ਸੰਮਤ ਬਿਕ੍ਰਮੀ ੨੦੫੩<br>ਸੰਮਤ ਨਾਨਕਸ਼ਾਹੀ ੫੨੭<br>ਸੰਮਤ ਖਾਲਸਾ ੨੯੮<br>ਸੰਮਤ ਸ਼ਾਕਾ ੧੯੧੮ | | ਜੁਲਾਈ<br>JULY 1996 | | ਪੂਰਨਮਾਸ਼ੀ ੧-੩੦ ਜੁਲਾਈ<br>ਮੱਸਿਆ ੧੫ ਜੁਲਾਈ<br>ਸੰਗਰਾਂਦ ੧੬ ਜੁਲਾਈ<br>ਪੰਚਮੀ ੨੧ ਜੁਲਾਈ | |
|---|---|---|---|---|---|
| ਐਤ<br>SUN | ✡ | ੭<br>੨੪ ਹਾੜ<br>ਦੂ.ਹਾ.(ਅ)ਵ.੭ | ੧੪<br>੩੧ ਹਾੜ<br>ਦੂ.ਹਾ.(ਅ)ਵ.੧੪ | ੨੧<br>੬ ਸਾਵਣ<br>ਦੂ.ਹਾ.(ਸੁ)ਸੁ.੫ | ੨੮<br>੧੩ ਸਾਵਣ<br>ਦੂ.ਹਾ.(ਸੁ)ਸੁ.੧੩ |
| ਸੋਮ<br>MON | ੧<br>੧੮ ਹਾੜ<br>ਪ.ਹਾ.ਸੁ ਦੂ.ਹਾ.ਵਾ ੧ | ੮<br>੨੫ ਹਾੜ<br>ਦੂ.ਹਾ.(ਅ)ਵ.੮ | ੧੫<br>੩੨ ਹਾੜ<br>ਦੂ.ਹਾ.(ਅ)ਵ.੩੦ | ੨੨<br>੭ ਸਾਵਣ<br>ਦੂ.ਹਾ.(ਸੁ)ਸੁ.੬ | ੨੯<br>੧੪ ਸਾਵਣ<br>ਦੂ.ਹਾ.(ਸੁ)ਸੁ.੧੪ |
| ਮੰਗਲ<br>TUE | ੨<br>੧੯ ਹਾੜ<br>ਦੂ.ਹਾ.(ਅ)ਵ.੨ | ੯<br>੨੬ ਹਾੜ<br>ਦੂ.ਹਾ.(ਅ)ਵ.੯ | ੧੬<br>੧ ਸਾਵਣ<br>ਦੂ.ਹਾ.(ਸੁ)ਸੁ.੧ | ੨੩<br>੮ ਸਾਵਣ<br>ਦੂ.ਹਾ.(ਸੁ)ਸੁ.੭ | ੩੦<br>੧੫ ਸਾਵਣ<br>ਦੂ.ਹਾ.(ਸੁ)ਸੁ.੧੫ |
| ਬੁੱਧ<br>WED | ੩<br>੨੦ ਹਾੜ<br>ਦੂ.ਹਾ.(ਅ)ਵ.੩ | ੧੦<br>੨੭ ਹਾੜ<br>ਦੂ.ਹਾ.(ਅ)ਵ.੧੦ | ੧੭<br>੨ ਸਾਵਣ<br>ਦੂ.ਹਾ.(ਸੁ)ਸੁ.੨ | ੨੪<br>੯ ਸਾਵਣ<br>ਦੂ.ਹਾ.(ਸੁ)ਸੁ.੮ | ੩੧<br>੧੬ ਸਾਵਣ<br>ਸਾਵਣ ਵਦੀ ੧ |
| ਵੀਰ<br>THU | ੪<br>੨੧ ਹਾੜ<br>ਦੂ.ਹਾ.(ਅ)ਵ.੪ | ੧੧<br>੨੮ ਹਾੜ<br>ਦੂ.ਹਾ.(ਅ)ਵ.੧੧ | ੧੮<br>੩ ਸਾਵਣ<br>ਦੂ.ਹਾ.(ਸੁ)ਸੁ.੩ | ੨੫<br>੧੦ ਸਾਵਣ<br>ਦੂ.ਹਾ.(ਸੁ)ਸੁ.੯ | ✡ |
| ਸ਼ੁੱਕਰ<br>FRI | ੫<br>੨੨ ਹਾੜ<br>ਦੂ.ਹਾ.(ਅ)ਵ.੫ | ੧੨<br>੨੯ ਹਾੜ<br>ਦੂ.ਹਾ.(ਅ)ਵ.੧੨ | ੧੯<br>੪ ਸਾਵਣ<br>ਦੂ.ਹਾ.(ਸੁ)ਸੁ.੪ | ੨੬<br>੧੧ ਸਾਵਣ<br>ਦੂ.ਹਾ.(ਸੁ)ਸੁ.੧੦ | ✡ |
| ਸ਼ਨੀ<br>SUN | ੬<br>੨੩ ਹਾੜ<br>ਦੂ.ਹਾ.(ਅ)ਵ.੬ | ੧੩<br>੩੦ ਹਾੜ<br>ਦੂ.ਹਾ.(ਅ)ਵ.੧੩ | ੨੦<br>੫ ਸਾਵਣ<br>ਦੂ.ਹਾ.(ਸੁ)ਸੁ.੪ | ੨੭<br>੧੨ ਸਾਵਣ<br>ਦੂ.ਹਾ.(ਸੁ)ਸੁ.੧੧-੧੨ | ✡ |

ਅਰਥ : (ਜਿਵੇਂ) ਸਾਵਣ ਵਿਚ (ਵਰਖਾ ਨਾਲ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ, ਤਿਵੇ ਉਹ) ਜੀਵ-ਇਸਤ੍ਰੀ ਹਰਿਆਵਲੀ ਹੋ ਜਾਂਦੀ ਹੈ (ਭਾਵ, ਉਸ ਜੀਵ ਦਾ ਹਿਰਦਾ ਖਿੜ ਪੈਂਦਾ ਹੈ) ਜਿਸ ਦਾ ਪਿਆਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ। ਉਸ ਦਾ ਮਨ ਉਸ ਦਾ ਤਨ ਪਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ, ਪਰਮਾਤਮਾ ਦਾ ਨਾਮ ਹੀ (ਉਸ ਦੀ ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ, ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸਾਰੇ ਸੁਆਹ (ਨਿਕੰਮੇ) ਦਿੱਸਦੇ ਹਨ। (ਸਾਵਣ ਵਿਚ ਜਿਵੇਂ ਵਰਖਾ ਦੀ ਬੂੰਦ ਸੋਹਣੀ ਲੱਗਦੀ ਹੈ, ਤਿਵੇਂ ਪ੍ਰਭੂ-ਚਰਨਾਂ ਦੇ ਪਿਆਰ ਵਾਲੇ ਬੰਦੇ. ਨੂੰ) ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲੱਗਦੀ ਹੈ, ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਜੋਗਾ ਹੋ ਪੈਂਦਾ ਹੈ (ਪ੍ਰਭੂ ਦੀ ਵਡਿਆਈ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਭੀ ਉਸ ਨੂੰ ਮਿੱਠੀਆਂ ਲੱਗਦੀਆਂ ਹਨ, ਗੁਰੂ ਨੂੰ ਮਿਲ ਕੇ ਬੜੇ ਸ਼ੌਕ ਨਾਲ ਸੁਣਦਾ ਹੈ)।

ਜਿਸ ਪ੍ਰਭੂ ਦੇ ਮੇਲ ਨਾਲ ਸਾਰਾ ਜਗਤ (ਬਨਸਪਤੀ ਆਦਿਕ) ਹਰਿਆ-ਭਰਿਆ ਹੋਇਆ ਹੈ, ਜੋ ਪ੍ਰਭੂ ਸਭ ਕੁਝ ਕਰਨ ਜੋਗਾ ਹੈ ਵਿਆਪਕ ਹੈ ਤੇ ਬੇਅੰਤ ਹੈ, ਉਸ ਨੂੰ ਮਿਲਣ ਵਾਸਤੇ ਮੇਰਾ ਮਨ ਭੀ ਤਾਂਘਦਾ ਹੈ, ਪਰ ਉਹ ਪ੍ਰਭੂ ਆਪ ਹੀ ਆਪਣੀ ਮਿਹਰ ਨਾਲ ਮਿਲਾਣ ਦੇ ਸਮਰੱਥ ਹੈ। ਮੈਂ ਉਹਨਾਂ ਗੁਰਮੁਖ ਸਹੇਲੀਆਂ ਤੋਂ ਸਦਕੇ ਹਾਂ, ਸਦਾ ਕੁਰਬਾਨ ਹਾਂ ਜਿਨ੍ਹਾਂ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ।

ਹੇ ਨਾਨਕ! (ਬੇਨਤੀ ਕਰ ਤੇ ਆਖ-) ਹੇ ਪ੍ਰਭੂ! ਮੇਰੇ ਉਤੇ ਮਿਹਰ ਕਰ, ਤੂੰ ਆਪ ਹੀ ਗੁਰੂ ਦੇ ਸ਼ਬਦ ਦੀ ਰਾਹੀਂ (ਮੇਰੀ ਜਿੰਦ ਨੂੰ) ਸਵਾਰਨ ਜੋਗਾ ਹੈ।

ਸਾਵਣ ਦਾ ਮਹੀਨਾ ਉਹਨਾਂ ਭਾਗਾਂ ਵਾਲੀਆਂ (ਜੀਵ-ਇਸਤ੍ਰੀਆਂ) ਵਾਸਤੇ (ਖੇੜਾ ਤੇ ਠੰਢ ਲਿਆਉਣ ਵਾਲਾ) ਹੈ ਜਿਨ੍ਹਾਂ ਨੇ ਆਪਣੇ ਹਿਰਦੇ (-ਰੂਪ ਗਲ) ਵਿਚ ਪਰਮਾਤਮਾ ਦਾ ਨਾਮ (-ਰੂਪ) ਹਾਰ ਪਾਇਆ ਹੋਇਆ ਹੈ।੬।